# ਸਾਂਝੀ ਵਿਰਾਸਤ

ਜਿਲਦ 1 ਅੰਕ 8 | 2022 | ਭਾਦੋਂ (ਅਗਸਤ)



## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit magazine of Panjabi Language, Culture and Heritage

**sanjhivirasat.org**

www.sanjhivirasat.org

## ਤਤਕਰਾ (ਅਗੱਸਤ 2022)


| | | | |
|---|---|---|---|
| 1. | ਸੰਪਾਦਕੀ ਮੰਡਲ | ਸਾਂਝੀ ਵਿਰਾਸਤ | 3 |
| 2. | ਸੰਪਾਦਕੀ ਨੋਟ | ਮੁਖ ਸੰਪਾਦਕ | 4 |
| 3. | ਬਾਰਹ ਮਾਹਾ ਮਾਂਝ ਵਿਚੋਂ ਸ਼ਬਦ ਦੀ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਸੁਣ ਨੀ ਭੈਣ ਅਜ਼ਾਦੀਏ ... | ਗੁਰਦੀਸ਼ ਕੌਰ ਗਰੇਵਾਲ | 7 |
| 5. | ਮੈਂ ਮੱਤੇਵਾੜਾ ਜੰਗਲ ਕੂਕਦਾਂ ...! | ਹਰਸ਼ਿੰਦਰ ਕੌਰ | 8 |
| 6. | ਅਗੱਸਤ ਦਾ ਮਹੀਨਾ | ਰੂਬੀਨਾ ਸਿੰਘ | 10 |
| 7. | ਵਿਗਸਦੀ ਖੁਸ਼ਹਾਲੀ ਦੇ ਦਾਤਾ – ਗੁਰੂ ਨਾਨਕ (1) | ਬਲਵਿੰਦਰਪਾਲ ਸਿੰਘ | 11 |
| 8. | ਖੁਸ਼ੀ ਤੇ ਆਨੰਦ...! | ਗੁਰਦੀਸ਼ ਕੌਰ ਗਰੇਵਾਲ | 13 |
| 9. | ਕੁਦਰਤ ਰਾਣੀ | ਹਰਮੀਤ ਕੌਰ ਮੀਤ | 15 |
| 10. | ਸੰਗਰਾਂਦ (ਮਨਮਤਿ ਤੇ ਗੁਰਮਤਿ) | ਉਂਕਾਰ ਸਿੰਘ ਟਿਵਾਣਾ | 16 |
| 11. | ਖਾਲਸਾ-ਏਡ : ਸੇਵਾ ਦਾ ਮਹਾਂ ਕੁੰਭ | ਦਲਵਿੰਦਰ ਸਿੰਘ ਗ੍ਰੇਵਾਲ | 17 |
| 12. | ਦੇਸ਼ਭਗਤ ਸਰਦਾਰ ਅਜੀਤ ਸਿੰਘ | ਸੁਰਜੀਤ ਸਿੰਘ ਭੱਟੀ | 19 |
| 13. | ਸਾਨੂੰ ਇੰਨ੍ਹਾਂ ਤੇ ਮਾਣ ਹੈ | -- | 20 |
| 14. | ਗੁਰਦਵਾਰਾ, ਗੁਰਮਤਿ ਦੀ ਧਰਮਸ਼ਾਲਾ: ਭਾਗ – 1 | ਕਾਬਲ ਸਿੰਘ, ਬਲਦੇਵ ਸਿੰਘ | 23 |
| 16. | ਕੀ ਸਾਡੀ ਸੋਚ ਸੰਤੁਲਿਤ ਹੈ ? | ਰਾਜਵਿੰਦਰ ਕੌਰ ਵਿੜਿੰਗ | 26 |
| 17. | ਦੁਆਵਾਂ ਦੀ ਕਮਾਈ | ਹਰਪ੍ਰੀਤ ਸਿੰਘ ਜਵੰਦਾ | 28 |
| 18. | ਗੁਰੂ ਨਾਨਕ ਚਿੰਤਨ ਵਿਚ ਬ੍ਰਹਿਮੰਡੀ-ਪ੍ਰੇਮ (ਭਾਗ-1) | ਜਸਵਿੰਦਰ ਸਿੰਘ ਰੁਪਾਲ | 29 |
| 19. | ਗੁਰੂ ਨਾਨਕ ਚਿੰਤਨ ਵਿਚ ਬ੍ਰਹਿਮੰਡੀ-ਪ੍ਰੇਮ (ਭਾਗ-2) | ਜਸਵਿੰਦਰ ਸਿੰਘ ਰੁਪਾਲ | 31 |
| 20. | ਅਗੱਸਤ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | - | 33 |
| 21. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | - | 35 |
| 22. | ਸਾਡੇ ਐਡੀਟਰ ਅਤੇ ਸਲਾਹਕਾਰ | - | 37 |

# ਸੰਪਾਦਕੀ ਮੰਡਲ

# Editorial Board


| | | |
|---|---|---|
| 1. | ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. | ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. | ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. | ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. | ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. | ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. | ਪ੍ਰਿੰਸੀਪਲ ਮਨਮੋਹਨ ਕੌਰ | ਕੈਲਗਰੀ (ਕੈਨੇਡਾ) |
| 9. | ਡਾ. ਰਾਜਬੀਰ ਸਿੰਘ ਭੱਟੀ | ਕੈਲਗਰੀ (ਕੈਨੇਡਾ) |
| 10. | ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


**ਸਲਾਹਕਾਰ:**


| | | |
|---|---|---|
| 1. | ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. | ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. | ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. | ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| **5.** | ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| **6.** | ਸਰਦਾਰ ਯੁਵਰਾਜ ਸਿੰਘ | ਕੈਲਗਰੀ (ਕੈਨੇਡਾ) |

## ਸੰਪਾਦਕੀ ਨੋਟ

ਅਗੱਸਤ ਦੇ ਇਸ ਮਹੀਨੇ ਵਿਚ ਤਿੰਨ ਦਿਨ ਮਹੱਤਵਪੂਣ ਹਨ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਦਾ ਗੁਰ-ਗੱਦੀ ਪੁਰਬ। ਚੌਥੇ ਪਾਤਸ਼ਾਹ ਗੁਰੂ ਰਾਮ ਦਾਸ ਸਾਹਿਬ ਦਾ ਜੋਤੀ-ਜੋਤਿ ਸਮਾਵਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾ ਦਿਵਸ। ਭਾਰਤ ਦੇ ਲੋਕ 15 ਅਗੱਸਤ ਵਾਲੇ ਦਿਨ ਆਪਣਾ ਆਜ਼ਾਦੀ ਦਿਹਾੜਾ ਮਨਾਉਂਦੇ ਹਨ। ਅਗੱਸਤ ਦੇ ਮੱਧ ਵਿਚ ਭਾਦੋਂ ਦਾ ਮਹੀਨਾ ਸ਼ੁਰੂ ਹੁੰਦਾ ਅਤੇ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ (ਜਨਮ ਅਸ਼ਟਮੀ) ਮਨਾਇਆ ਜਾਂਦਾ ਹੈ।

ਇਤਿਹਾਸ ਵਿਚ 15 ਅਗੱਸਤ 1947 ਇੱਕ ਐਸਾ ਦਿਨ ਸੀ ਜਦੋਂ 'ਵਾਹਗੇ ਵਾਲੀ ਲਕੀਰ' (ਰੈਡੱਕਲਿਫ ਲਾਈਨ) ਨੇ ਪੰਜਾਬ ਨੂੰ ਦੋ ਹਿਸਿਆਂ ਵਿਚ ਵੰਡ ਦਿੱਤਾ। ਭਾਰਤੀ (ਪੂਰਬੀ) ਪੰਜਾਬ ਅਤੇ ਪਾਕਿਸਤਾਨੀ (ਪੱਛਮੀ) ਪੰਜਾਬ ਦੀਆਂ ਆਬਾਦੀਆਂ ਦੀ ਅਦਲਾ-ਬਦਲੀ ਵਿਚ ਲੱਖਾਂ ਬੇਗੁਨਾਹਾਂ ਨੂੰ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ। ਪਰ ਬੋਲੀ ਜਾਂਦੀ ਪੰਜਾਬੀ ਭਾਸ਼ਾ ਦੀ ਸਾਂਝ ਅੱਜ ਵੀ ਮੌਜੂਦ ਹੈ। ਫਰਕ ਸਿਰਫ ਲਿਪੀ ਦਾ ਹੈ। ਬੰਗਾਲ ਦੇ ਵੀ ਦੋ ਹਿੱਸੇ ਹੋ ਗਏ ਪਰ ਬੋਲੀ ਜਾਣ ਵਾਲੀ ਬੰਗਾਲੀ ਭਾਸ਼ਾ ਇੱਕੋ ਹੈ।

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ (ਅਗਲੇ ਅੰਕਾਂ ਲਈ) ਕੋਈ ਰਚਨਾ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਕਿਸੇ ਧਰਮ, ਸੰਸਥਾਂ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਨਾ ਹੀ ਕਿਸੇ ਰਾਜਨੀਤਿਕ ਜਾਂ ਵਿਵਾਦ-ਗ੍ਰਸਤ ਇਅਕਤੀ ਬਾਰੇ ਜ਼ਿਕਰ ਜਾਂ ਕੋਈ ਲਿਖਤ ਪਰਵਾਨ ਹੋਵੇਗੀ। ਲਿਖਤਾਂ ਵੈਬਸਾਈਟ ਤੇ ਦਿੱਤੇ ਵਿਸ਼ਿਆਂ ਤੇ ਹੀ ਹੋਣ। ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤਲੇ ਪੰਨੇ ਤੇ ਦਿੱਤੀ ਜਾਂਦੀ ਹੈ ਅਤੇ ਸਾਡੇ ਵੈਬਸਾਈਟ (sanjhivirasat.org) ਤੋਂ ਵੀ ਮਿਲ ਸਕਦੀ ਹੈ। ਅਨਮੋਲ ਲਿਪੀ ਵਿਚ ਲਿਖਤਾਂ ਪਹਿਲੇ ਛਪਣਗੀਆਂ।

ਮੈਗਜ਼ੀਨ ਲਈ ਰਚਨਾ ਵਧ ਤੋਂ ਵਧ ਦੋ ਪਨਿੰਆਂ ਤਕ ਹੋਵੇ। ਇਸ ਤੋਂ ਲੰਬੇ ਲੇਖ (ਇਸ ਵੈਬਸਾਈਟ ਦੇ) 'ਬਲਾਗ' ਉਤੇ ਪਾਏ ਜਾ ਸਕਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾ ਸਕਦੇ ਹਨ। ਲੇਖਕ (ਜੇ ਚਾਹੁਣ ਤਾਂ) ਆਪਣੀ ਫੋਟੋ, ਆਪਣਾ (ਈ-ਮੇਲ, ਵੱਟਸਐਪ ਜਾਂ ਫੋਨ ਨੰਬਰ), ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਸਕਦੇ ਹਨ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ। ਆਸ ਹੈ ਪਹਿਲੇ ਵਾਂਗ ਇਹ ਅੰਕ ਵੀ ਪਾਠਕਾਂ ਲਈ ਜਾਣਕਾਰੀ-ਭਰਪੂਰ ਹੋਵੇਗਾ। ਧੰਨਵਾਦ।

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ,

ਕੈਲਗਰੀ (ਕੈਨੇਡਾ)

ਮੁੱਖ ਸੰਪਾਦਕ

(surjitsingh.bhatti@gmail.com)

**ਬਾਰਾਮਾਂਹ ਮਾਝ ਮਹਲਾ 5**

**ੴ ਸਤਿਗੁਰ ਪ੍ਰਸਾਦਿ**

## ਭਾਦਰੋਂ ਮਹੀਨੇ ਦਾ ਪਾਠ ਅਤੇ ਉਸਦੀ ਵਿਆਖਿਆ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥

ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥

ਜਿਤੁ ਦਿਨ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥

### ਵਿਆਖਿਆ

**ਕਰਮਜੀਤ ਸਿੰਘ 'ਨੂਰ', ਜਲੰਧਰ (ਭਾਰਤ)**

ਭਾਦਰੋਂ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਹ ਇਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ।

"ਪਤੀ ਨੂੰ ਛੱਡ ਕੇ, ਕਿਸੇ ਦੂਜੇ ਨਾਲ ਪਿਆਰ ਕਰਨ ਵਾਲੀ ਇਸਤਰੀ ਦੇ ਹਾਰ ਸ਼ਿੰਗਾਰ ਲਾਏ ਸਭ ਵਿਅਰਥ ਹਨ, ਮੁਸੀਬਤ ਵੇਲੇ ਸਭ ਛੱਡ ਕੇ ਪਾਸੇ ਹੋ ਜਾਂਦੇ ਹਨ। ਇਸੇ ਤਰਾਂ ਇੱਕ ਨਿਰੰਕਾਰ ਨੂੰ ਛੱਡ ਕੇ ਸੰਸਾਰ ਨਾਲ ਮੋਹ ਰਖਣ ਵਾਲੀ ਜੀਵ ਇਸਤਰੀ ਦੇ ਇਕੱਤਰ ਕੀਤੇ ਸਭ ਧਨ ਪਦਾਰਥ ਆਖੀਰ ਦੁੱਖ ਦਾ ਹੀ ਕਾਰਣ ਬਣਦੇ ਹਨ, ਕੁਛ ਵੀ ਨਾਲ ਨਹੀਂ ਜਾਂਦਾ। ਜੀਵ ਆਪਣੇ ਕੀਤੇ ਕਰਮਾਂ ਕਰਕੇ ਨਰਕ ਦਾ ਜੀਵਨ ਭੋਗਦਾ ਹੈ। ਗੁਰੂ ਨਾਲ ਪਿਆਰ ਰੱਖਣ ਵਾਲਾ ਵਿਅਕਤੀ ਪਰਮਾਤਮਾ ਦੇ ਨਾਮ ਰੂਪੀ ਜਹਾਜ ਤੇ ਸਵਾਰ ਹੋ ਕੇ ਅਨੰਦਮਈ ਜੀਵਨ ਬਤੀਤ ਕਰਦਾ ਹੈ।"

## ਭਾਦਰੋਂ ਮਹੀਨੇ ਦੇ ਸ਼ਬਦ ਦੀ
## ਕਾਵਿ-ਵਿਆਖਿਆ

**ਸ੍ਰ. ਕਰਮਜੀਤ ਸਿੰਘ 'ਨੂਰ',**
ਜਲੰਧਰ (ਭਾਰਤ)
+91-98150-23970)



ਭਾਦੋਂ ਮਹੀਨੇ ਭਰਮ 'ਚ ਭੁੱਲਿਆ , ਆਪਣਾ ਛੱਡ ਦੂਜੇ ਤੇ ਡੁੱਲਿਆ।

ਬੇਸ਼ਕ ਲੱਖ ਲਾਵੇ ਸ਼ਿੰਗਾਰ, ਓਹ ਨੇ ਸਾਰੇ ਹੀ ਬੇਕਾਰ।

ਜਿਸ ਦਿਨ ਇਸਦੀ ਹੁੰਦੀ ਬੱਸ, ਪ੍ਰੇਤ ਆਖ ਸਭ ਜਾਂਦੇ ਨੱਸ।

ਜਮਦੂਤਾਂ ਜਦ ਆਣ ਪਕੜਨੈ, ਨਹੀਂ ਦੱਸਨਾ ਕਿੱਥੇ ਖੜਨੈ।

ਲ਼ਗਦੇ ਸੀ ਜੋ ਬੜੇ ਪਿਆਰੇ, ਪਲ ਵਿਚ ਸਾਥ ਛੱਡ ਗਏ ਸਾਰੇ ।

ਹੱਥ ਮੁੜੇ ਤਨ ਕੰਬਣ ਲੱਗਾ, ਕਾਲਾ ਜਿਸਮ ਹੋ ਗਿਆ ਬੱਗਾ।

ਜੋ ਜੋ ਕਰਮ ਕਮਾਉਂਦੈ ਬੰਦਾ, ਓਸੇ ਦਾ ਫਲ ਪਾਉਂਦੈ ਬੰਦਾ।

ਨਾਨਕ ਸ਼ਰਨ ਪ੍ਰਭੂ ਦੀ ਫੜੀਏ, ਚਰਨਾਂ ਦੇ ਬੇੜੇ ਤੇ ਚੜ੍ਹੀਏ।

ਨਾਲ ਗੁਰੂ ਦੇ ਪਿਆਰ ਜੋ ਪਾਂਦਾ, ਨਹੀਂ ਕਦੇ ਨਰਕਾਂ ਨੂੰ ਜਾਂਦਾ।

**ਆਜ਼ਾਦੀ ਦਿਹਾੜੇ ਤੇ ਵਿਸ਼ੇਸ਼–**

## ਸੁਣ ਨੀ ਭੈਣ ਅਜ਼ਾਦੀਏ ...

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ) ਸੰਪਰਕ: 91 98728 60488



ਸੁਣ ਨੀ ਭੈਣ ਅਜ਼ਾਦੀਏ ਸਾਥੋਂ, ਦਰਦ ਨਾ ਜਾਏ ਸੁਣਾਇਆ।
ਇਕ ਅਰਸੇ ਤੋਂ ਅੜੀਏ ਨੀ ਤੂੰ, ਸਿਦਕ ਸਾਡਾ ਅਜ਼ਮਾਇਆ।

ਤੇਰੇ ਦੀਦ ਦੀ ਖਾਤਿਰ ਅੜੀਏ, ਕਈ ਪਰਵਾਨੇਂ ਸ਼ਮ੍ਹਾਂ 'ਚ ਸੜ ਗਏ।
ਰਾਜਗੁਰੂ, ਸੁੱਖਦੇਵ, ਭਗਤ ਸਿੰਘ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ।
ਕੂਕੇ, ਬੱਬਰਾਂ, ਤੇਰੀ ਖਾਤਿਰ, ਸਭ ਕੁੱਝ ਲੇਖੇ ਲਾਇਆ।
ਸੁਣ ਨੀ......

ਗਦਰ ਲਹਿਰ ਦੇ ਨਾਇਕ ਸਾਡੇ, ਤਨ ਤੇ ਲੱਖ ਤਸੀਹੇ ਜਰ ਗਏ।
ਐਪਰ ਦੇਸ਼ ਵਾਸੀਆਂ ਦੇ ਵਿੱਚ, ਤੇਰੀ ਇਕ ਚੰਗਿਆੜੀ ਧਰ ਗਏ।
ਮਘਦੀ ਮਘਦੀ ਜੋ ਚੰਗਿਆੜੀ, ਇਕ ਦਿਨ ਰੰਗ ਦਿਖਾਇਆ।
ਸੁਣ ਨੀ.....

ਸੰਨ ਸੰਤਾਲੀ ਵਿੱਚ ਤੂੰ ਆਈ, ਆਉਂਦੇ ਸਾਰ ਹੀ ਵੰਡੀਆਂ ਪਾਈਆਂ।
ਭਾਈ ਆਪਸ ਵਿੱਚ ਲੜਾ ਕੇ, ਖੂਨ ਦੀਆਂ ਨਦੀਆਂ ਤੂੰ ਵਹਾਈਆਂ।
ਤਾਂ ਵੀ ਘੁੰਡ ਚੁਕਾਈ ਦੇ ਕੇ, ਅਸਾਂ ਨੇ ਸ਼ਗਨ ਮਨਾਇਆ।
ਸੁਣ ਨੀ.....

ਲਾਈ ਲੱਗ ਤੂੰ ਨਿਕਲੀ ਅੜੀਏ, ਧਨਵਾਨਾਂ ਦੇ ਹੱਥੀਂ ਚੜ੍ਹ ਗਈ।
ਆਪਣਿਆਂ ਵੱਲ ਪਾਸਾ ਵੱਟਿਆ, ਗ਼ੈਰਾਂ ਦੀ ਬੁੱਕਲ ਵਿੱਚ ਵੜ ਗਈ।
ਸੱਤਰਾਂ ਨੂੰ ਤੂੰ ਟੱਪ ਗਈ ਏਂ, ਤੈਨੂੰ ਹੋਸ਼ ਅਜੇ ਨਾ ਆਇਆ
ਸੁਣ ਨੀ...

ਐਨਾ ਵੱਡਾ ਮੁੱਲ ਤਾਰ ਕੇ, ਸੂਰਮਿਆਂ ਤੈਨੂੰ ਪਰਨਾਇਆ।
'ਦੀਸ਼' ਦੇ ਵੀਰਾਂ ਦੀ ਕੁਰਬਾਨੀ, ਦਾ ਤੈਂ ਅੜੀਏ ਮੁੱਲ ਨਾ ਪਾਇਆ।
ਹੱਥ ਅਜੇ ਨਾ ਸਾਡੇ ਆਈ, ਡਾਢਾ ਸਾਨੂੰ ਤੂੰ ਤਰਸਾਇਆ।
ਸੁਣ ਨੀ......

ਗੁਰਦੀਸ਼ ਕੌਰ ਗਰੇਵਾਲ ਦੀਆਂ ਨਵੀਆਂ ਕਿਤਾਬਾਂ ਜਿਨ੍ਹਾਂ ਦਾ 16 ਜੁਲਾਈ 2022 ਨੂੰ ਕੈਲਗਰੀ 'ਚ ਲੋਕ-ਅਰਪਣ ਹੋਇਆ।

**"ਸਾਹਾਂ ਦੀ ਸਰਗਮ"** ਗਜ਼ਲ-ਸੰਗ੍ਰਹਿ

**"ਖੁਸ਼ੀਆਂ ਦੀ ਖੁਸ਼ਬੋਈ"** ਨਿਬੰਧ-ਸੰਗ੍ਰਹਿ

## ਮੈਂ ਮੱਤੇਵਾੜਾ ਜੰਗਲ ਕੂਕਦਾਂ ... !

ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ (ਭਾਰਤ) 0175-2216783

''**ਸਟੇਟ ਔਫ਼ ਇੰਡੀਆ ਐਨਵਾਇਰੌਨਮੈਂਟ 2021**'' ਰਿਪੋਰਟ ਵਿਚ ਸੈਂਟਰ ਫੌਰ ਸਾਇੰਸ, ਭਾਰਤ ਸਰਕਾਰ, ਵਲੋਂ ਸਪਸ਼ਟ ਕੀਤਾ ਗਿਆ ਕਿ ਹਵਾ ਪ੍ਰਦੂਸ਼ਣ ਨਾਲ 2019 ਦੌਰਨ ਪੰਜਾਬ ਵਿਚ 41,090 ਮੌਤਾਂ ਹੋਈਆਂ (18.8 % ਮੌਤਾਂ ਸਿਰਫ਼ ਹਵਾ ਦੇ ਪ੍ਰਦੂਸ਼ਣ ਨਾਲ)। ਪੂਰੇ ਭਾਰਤ ਵਿਚ 16 ਲਖ 70 ਹਜ਼ਾਰ ਪ੍ਰਦੂਸ਼ਣ ਨਾਲ ਕੂਚ ਕਰ ਗਏ। ਇਨ੍ਹਾਂ ਵਿਚੋਂ ਅੱਧੇ ਉੱਤਰ ਪ੍ਰਦੇਸ, ਬਿਹਾਰ, ਮਹਾਰਾਸ਼ਟਰ, ਬੰਗਾਲ ਅਤੇ ਰਾਜਸਥਾਨ ਦੇ ਲੋਕ ਸਨ।

ਅਮਰੀਕਾ ਦੇ ਸਰਵੇਖਣ ਅਨੁਸਾਰ ਪੰਜਾਬ ਦੀਆਂ ਹਵਾ ਪ੍ਰਦੂਸ਼ਣ ਨਾਲ ਹੋਈਆਂ ਮੌਤਾਂ ਤੋਂ ਪਹਿਲਾਂ ਕੀਤੇ ਇਲਾਜ ਦਾ ਖਰਚ 11.48 ਕਰੋੜ ਅਮਰੀਕਨ ਡਾਲਰ ਬਣਦਾ ਹੈ। ਹਰਿਆਣੇ ਵਿਚ ਇਹੋ ਖ਼ਰਚਾ 15.66 ਕਰੋੜ ਡਾਲਰ ਤਕ ਸੀ, ਜਿਥੇ 34,119 ਮੌਤਾਂ (19 %) 2019 ਵਿਚ ਹੋਈਆਂ।ਪੂਰੇ ਭਾਰਤ ਦੇ 33 ਸ਼ਹਿਰ ਅਜਿਹੇ ਹਨ ਜਿਨ੍ਹਾਂ ਵਿਚ 2018 ਤੋਂ 2019 ਤਕ ਇਹ ਪ੍ਰਦੂਸ਼ਣ ਦੁਗਣੇ ਤੋਂ ਵੱਧ ਵਧਿਆ। ਇਨ੍ਹਾਂ ਵਿਚੋਂ ਪੰਜਾਬ ਦੇ ਜਲੰਧਰ ਅਤੇ ਬਟਾਲੇ ਇਲਾਕੇ ਦਾ ਖ਼ਾਸ ਜ਼ਿਕਰ ਹੈ। ਇਥੇ ਦੀਆਂ ਫੈਕਟਰੀਆਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਗਿਆ।ਜਲੰਧਰ ਦਾ ਸਨ 2009 ਵਿਚ 70 ਪ੍ਰਦੂਸ਼ਣ ਅੰਕ ਵਧ ਕੇ 2018 ਵਿਚ 80 ਤਕ ਪਹੁੰਚ ਗਿਆ। ਬਟਾਲੇ ਦਾ ਇਹ ਅੰਕ 60 ਤੋਂ ਵਧ ਕੇ 70 ਤਕ ਪਹੁੰਚ ਗਿਆ।

ਲੁਧਿਆਣੇ ਨੇੜੇ ਦਾ ਮਤੇਵਾੜਾ ਜੰਗਲ ਤੇ ਸਤਲੁਜ ਦੁਆਲੇ ਦਰਖ਼ਤ ਹਾਲੇ ਬਚਾਓ ਕਰ ਰਹੇ ਹਨ, ਪਰ ਜੇ ਕੋਈ ਇੰਡਸਟਰੀਅਲ ਪਾਰਕ ਖੋਲ੍ਹ ਦਿਤਾ ਜਾਂਦਾ ਤਾਂ ਲੁਧਿਆਣੇ ਵਿਚ ਮੌਤ ਦਾ ਤਾਂਡਵ ਹੋਵੇਗਾ। ਪਹਿਲਾਂ ਹੀ ਬੁੱਢਾ ਨਾਲਾ ਕਹਿਰ ਢਾਅ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਦੀ (7 ਸਤੰਬਰ 2021 ਦੀ) ਰਿਪੋਰਟ ਅਨੁਸਾਰ ਦੁਨੀਆ ਭਰ ਵਿਚ ਹਰ ਸਾਲ ਸੱਤਰ ਲਖ ਲੋਕ ਸਿਰਫ਼ ਹਵਾ ਦੇ ਪ੍ਰਦੂਸ਼ਣ ਨਾਲ ਮਰ ਰਹੇ ਹਨ। ਦਿਲ ਅਤੇ ਪਾਸਾ ਮਾਰੇ ਜਾਣ ਦੇ 25% ਰੋਗ, 43% ਫੇਫੜਿਆਂ ਦੇ ਰੋਗ ਅਤੇ 29% ਫੇਫੜਿਆਂ ਦੇ ਕੈਂਸਰ ਵੀ ਹਵਾ ਪ੍ਰਦੂਸ਼ਣ ਸਦਕਾ ਹਨ।



**ਮਾੜੇ ਅਸਰਾਂ ਦਾ ਕਾਰਣ :** ਹਰ ਬੰਦਾ ਸਾਹ ਰਾਹੀਂ ਓਜ਼ੋਨ, ਨਾਈਟਰੋਜਨ ਡਾਈਓਕਸਾਈਡ ਤੇ ਸਲਫਰ ਡਾਈਓਕਸਾਈਡ ਦੇ ਨਾਲ ਹੋਰ ਬਥੇਰੀਆਂ ਮਹੀਨ ਚੀਜ਼ਾਂ ਫੇਫੜਿਆਂ ਅੰਦਰ ਲੰਘਾ ਰਿਹਾ ਹੈ। ਇਨ੍ਹਾਂ ਤੋਂ ਮੌਤਾਂ ਸਦਕਾ ਹੀ ਯੂਨਾਈਟਿਡ ਨੇਸ਼ਨਜ਼ ਨੇ 7 ਸਤੰਬਰ ਨੂੰ ਹਰ ਸਾਲ "**ਸਾਫ਼ ਹਵਾ ਦਾ ਅੰਤਰਰਾਸ਼ਟਰੀ ਦਿਨ**" ਮਨਾਉਣ ਲਈ ਕਿਹਾ ਹੈ। **ਹੋਰ ਮਾੜੇ ਅਸਰ ਇਸ ਪ੍ਰਕਾਰ ਹਨ :-**

1. ਹਵਾ ਪ੍ਰਦੂਸ਼ਣ ਨਾਲ ਹਜ਼ਾਰਾਂ ਬੱਚੇ ਜਨਮ ਤੋਂ ਪਹਿਲਾਂ ਹੀ ਮਰ ਰਹੇ ਹਨ ਜਾਂ ਸਤਮਾਹੇ ਜੰਮ ਰਹੇ ਹਨ।

2. ਹਰ ਸਾਲ ਇੱਕਲੇ ਅਮਰੀਕਾ ਵਿਚ ਚਾਰ ਲੱਖ ਮੌਤਾਂ ਸੜਕੀ ਆਵਾਜਾਈ ਨਾਲ ਹੋ ਰਹੇ ਪ੍ਰਦੂਸ਼ਣ ਤੋਂ ਹੋ ਰਹੀਆਂ ਹਨ (ਯੂਨਾਈਟਿਡ ਨੇਸ਼ਨਜ਼ ਐਨਵਾਇਰੌਨਮੈਂਟ ਪ੍ਰੋਗਰਾਮ ਰਿਪੋਰਟ)।ਦਸ ਖ਼ਰਬ ਡਾਲਰ ਇਸੇ ਕਾਰਣ ਸਾਹ ਅਤੇ ਹੋਰ ਬੀਮਾਰੀਆਂ ਦੇ ਇਲਾਜ ਉੱਤੇ ਖਰਚ ਹੁੰਦੇ ਹਨ।

3. ਫੈਕਟਰੀਆਂ ਦੇ ਧੂੰਏਂ ਸਦਕਾ ਹਰ ਦਸਾਂ ਵਿਚੋਂ 9 ਬੰਦਿਆਂ (ਵਧੇਰੇ ਬਜ਼ੁਰਗਾਂ ਤੇ ਬੱਚਿਆਂ) ਨੂੰ ਰੋਜ਼ ਲੋੜੋਂ ਵਧ ਗੰਦਾ ਸਾਹ ਅੰਦਰ ਲੰਘਾਉਣਾ ਪੈਂਦਾ ਹੈ। ਜਿਨ੍ਹਾਂ ਨੂੰ ਪਹਿਲਾਂ ਹੀ ਦਿਲ ਜਾਂ ਫੇਫੜਿਆਂ ਦੇ ਰੋਗ ਹੋਣ, ਉਨ੍ਹਾਂ ਦੀ ਮੌਤ ਦਰ ਬਹੁਤ ਜ਼ਿਆਦਾ ਹੁੰਦੀ ਹੈ। ਫੈਕਟਰੀਆਂ ਦੇ ਆਸ-ਪਾਸ ਰਹਿਣ ਵਾਲਿਆਂ ਦੀ ਮੌਤ ਦਰ ਜਾਂ ਰੋਗੀ ਹੋਣ ਦਾ ਅਤੇ ਭੁਖਮਰੀ ਦੇ ਸ਼ਿਕਾਰ ਬੱਚਿਆਂ ਵਿਚ ਸੀਰੀਅਸ ਬੀਮਾਰੀ ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।

4. ਹਵਾ ਦੇ ਪ੍ਰਦੂਸ਼ਣ ਨਾਲ ਹੁੰਦੀਆਂ ਮੌਤਾਂ ਦੀ ਦਰ ਵਿਚ ਪਿਛਲੇ 30 ਸਾਲਾਂ ਵਿਚ 153 ਪ੍ਰਤੀਸ਼ਤ ਵਾਧਾ ਰਿਕਾਰਡ

ਕੀਤਾ ਗਿਆ, ਜਦਕਿ ਹਵਾ ਪ੍ਰਦੂਸ਼ਣ ਰੋਕਣ ਲਈ ਕੀਤੇ ਯਤਨਾਂ ਵਿਚ ਸਿਰਫ਼ 0.8 ਫੀਸਦੀ ਵਾਧਾ ਹੋਇਆ।

5. ਹਵਾ ਵਿਚ ਤੈਰਦੇ ਨਿੱਕੇ ਕਣ ਜ਼ਿਆਦਾਤਰ ਸੜਕੀ ਆਵਾਜਾਈ, ਜੈਨੇਰੇਟਰ, ਬਾਰ-ਬਾਰ ਤਲਿਆ ਜਾਂਦਾ ਤੇਲ ਆਦਿ ਦੇ ਹਨ ਜੋ ਫੇਫੜਿਆਂ ਅੰਦਰ ਜਾ ਕੇ ਅਤੇ ਲਹੂ ਵਿਚ ਰਲ ਕੇ ਦਿਮਾਗ਼ ਅਤੇ ਦਿਲ ਉੱਤੇ ਮਾੜਾ ਅਸਰ ਪਾਉਂਦੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਬੱਚੇ ਪੈਦਾ ਕਰਨ ਦੀ ਤਾਕਤ ਵੀ ਖ਼ਤਮ ਕਰ ਦਿੰਦੇ ਹਨ।

6. ਸਲਫਰ ਵਾਲੇ ਤੇਲ ਤੋਂ ਹਵਾ ਵਿਚ ਸਲਫਰ ਡਾਇਆਕਸਾਈਡ ਰਲ ਕੇ ਸਿਰ ਪੀੜ, ਘਬਰਾਹਟ ਤੇ ਦਿਲ ਦੇ ਰੋਗਾਂ ਦੀ ਸ਼ੁਰੂਆਤ ਕਰ ਦਿੰਦੀ ਹੈ। ਜਵਾਲਾਮੁਖੀ ਫਟਣ ਨਾਲ ਵੀ ਇਸੇ ਗੈਸ ਦਾ ਭੰਡਾਰ ਫੈਲਦਾ ਹੈ।

7. ਨਾਈਟਰੋਜਨ ਡਾਈਆਕਸਾਈਡ ਕਾਰ ਇੰਜਨਾਂ ਅਤੇ ਪਾਵਰ ਪਲਾਂਟਾਂ ਵਿਚੋਂ ਨਿਕਲਦੀ ਹੈ। ਇਸ ਨਾਲ ਦਮਾ, ਜਿਗਰ, ਤਿੱਲੀ ਅਤੇ ਲਹੂ ਦੇ ਨੁਕਸ ਵੀ ਹੋ ਜਾਂਦੇ ਹਨ।

8. ਸੜਕੀ ਆਵਾਜਾਈ ਵਿਚਲੀ ਓਜ਼ੋਨ ਵੀ ਸਾਹ ਦੀ ਤਕਲੀਫ਼ ਅਤੇ ਦਿਲ ਦੇ ਰੋਗਾਂ ਦਾ ਕਾਰਨ ਬਣ ਜਾਂਦੀ ਹੈ।

9. ਯੂਨਾਈਟਿਡ ਨੇਸਨਜ਼ ਅਨੁਸਾਰ ਖੇਤੀ ਦੀ ਮਸ਼ੀਨਰੀ ਅਤੇ ਨਵੀਆਂ ਉਸਾਰੀਆਂ ਦੇ ਸੰਦ ਹਰ ਸਾਲ ਦੁਨੀਆ ਭਰ ਵਿਚ ਸਿਹਤ ਸਹੂਲਤਾਂ ਉੱਤੇ 10 ਖ਼ਰਬ ਦਾ ਖਰਚਾ ਪਾਉਂਦੇ ਹਨ। ਅਮਰੀਕਾ, ਯੂਰਪ ਅਤੇ ਜਪਾਨ ਨੇ ਇਸ ਤੋਂ ਬਾਅਦ ਬਿਜਲੀ ਨਾਲ ਚਲਣ ਵਾਲੀ ਆਵਾਜਾਈ ਵਲ ਧਿਆਨ ਦੇਣਾ ਸ਼ੁਰੂ ਕਰ ਦਿਤਾ ਹੈ। ਹਾਲੇ ਵੀ ਚੀਨ ਅਤੇ ਭਾਰਤ ਵਿਚ ਇਹ ਪ੍ਰਦੂਸ਼ਣ ਜਾਰੀ ਹੈ। ਜੇ ਪੂਰੀ ਦੁਨੀਆ ਹਵਾ ਪ੍ਰਦੂਸ਼ਣ ਵਲ ਧਿਆਨ ਦੇਵੇ ਤਾਂ ਹਰ ਸਾਲ ਸਵਾ ਲਖ ਲੋਕ ਮੌਤ ਤੋਂ ਬਚ ਜਾਣਗੇ।

10. ਮੀਥੇਨ, ਕਾਰਬਨ, ਓਜ਼ੋਨ ਆਦਿ ਦੀ ਮਿਕਦਾਰ ਸਹੀ ਹੁੰਦੇ ਸਾਰ ਅਗਲੇ ਦਸ ਸਾਲਾਂ ਵਿਚ ਹਵਾ ਦੇ ਪ੍ਰਦੂਸ਼ਣ ਨੂੰ ਰੋਕ ਕੇ ਧਰਤੀ ਦਾ ਤਾਪਮਾਨ 0.6 $^0$C ਘਟਣ ਨਾਲ ਗਲੇਸ਼ੀਅਰਾਂ ਦਾ ਖੁਰਨਾ ਘਟ ਜਾਵੇਗਾ। ਇਸ ਨਾਲ ਅਨੇਕ ਵਾਇਰਲ ਕੀਟਾਣੂਆਂ, ਮੱਛਰ, ਮਖੀਆਂ ਤੋਂ ਪਾਣੀ ਰਾਹੀਂ ਹੋਣ ਵਾਲੀਆਂ ਬੀਮਾਰੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ।

**ਹਵਾ ਦੇ ਪ੍ਰਦੂਸ਼ਣ ਕਾਰਨ** ਦਿਮਾਗ਼ ਦੇ ਸੈੱਲਾਂ ਵਿਚ ਸੋਜ਼ਿਸ਼ ਹੋ ਸਕਦੀ ਹੈ। ਪਿਛਲੇ 10 ਸਾਲਾਂ ਦੀਆਂ ਖੋਜ ਅਨੁਸਾਰ ਪ੍ਰਦੂਸ਼ਣ ਬੱਚਿਆਂ ਦੇ ਦਿਮਾਗ਼, ਉਨ੍ਹਾਂ ਦੇ ਸੋਚਣ ਸਮਝਣ ਦੀ ਤਾਕਤ ਅਤੇ ਬੌਧਿਕ ਵਿਕਾਸ ਘਟਾਉਂਦਾ ਹੈ। ਅਨੇਕ ਬੱਚੇ ਢਹਿੰਦੀ ਕਲਾ ਵਿਚ ਚਲੇ ਜਾਂਦੇ ਹਨ।

**ਗੁਰਦੇ** ਵਲੋਂ ਸਰੀਰ ਵਿਚੋਂ ਗੰਦਗੀ ਬਾਹਰ ਕਢਣ ਦੀ ਸਪੀਡ ਘਟ ਜਾਂਦੀ ਹੈ। ਲੰਮੇ ਸਮੇਂ ਵਿਚ ਮਾੜੇ ਕਣ ਅਤੇ ਗੈਸਾਂ ਗੁਰਦੇ ਫੇਲ੍ਹ ਕਰ ਸਕਦੇ ਹਨ। ਗੁਰਦੇ ਅਤੇ ਬਲੈਡਰ (ਪਿਸ਼ਾਬ ਦੀ ਥੈਲੀ) ਦਾ ਕੈਂਸਰ ਵੀ ਹੋ ਸਕਦਾ ਹੈ।

**ਹਵਾ ਵਿਚਲਾ ਪ੍ਰਦੂਸ਼ਣ ਕਿਵੇਂ ਘਟਾਇਆ ਜਾਵੇ**: - ਕਾਰਾਂ ਦੀ ਵਰਤੋਂ ਅਤੇ ਬੇਲੋੜੀ ਆਵਾਜਾਈ ਘਟਾਈ ਜਾਵੇ, ਵਾਧੂ ਲਾਈਟਾਂ ਨਾ ਜਗਾਈਆਂ ਜਾਣ, ਲੋੜ ਪੈਣ ਉੱਤੇ ਫਲੋਰੋਸੈਂਟ ਬਲਬ ਵਰਤੇ ਜਾਣ, ਰੀਸਾਈਕਲ ਹੋ ਸਕਣ ਵਾਲੀਆਂ ਚੀਜ਼ਾਂ ਦੀ ਵਰਤੋਂ ਕੀਤੀ ਜਾਏ, ਪਲਾਸਟਿਕ ਦੀ ਵਰਤੋਂ ਨਾ-ਬਰਾਬਰ ਹੋਵੇ, ਸਿਗਰਟ ਬੀੜੀ ਨਾ ਵਰਤੀ ਜਾਏ, ਜੰਗਲਾਂ ਦੀ ਕੱਟ ਵੱਢ ਸਖ਼ਤੀ ਨਾਲ ਰੋਕੀ ਜਾਏ, ਹੋਰ ਦਰੱਖ਼ਤ ਬੀਜੇ ਜਾਣ, ਏ.ਸੀ. ਦੀ ਵਰਤੋਂ ਸਿਰਫ਼ ਲੋੜ ਪੈਣ ਉੱਤੇ ਹੀ ਕੀਤੀ ਜਾਵੇ ਕਿਉਂਕਿ ਇਹ ਵਾਤਾਵਰਨ ਵਿਚ ਲੋੜੋਂ ਵਧ ਗਰਮੀ ਜਮਾਂ ਕਰ ਦਿੰਦਾ ਹੈ, ਫੈਕਟਰੀਆਂ ਵਿਚੋਂ ਮਾੜੀ ਹਵਾ ਬਾਹਰ ਨਿਕਲਣ ਵਾਲੀਆਂ ਚਿਮਨੀਆਂ ਵਿਚ ਫਿਲਟਰ ਜ਼ਰੂਰੀ ਕੀਤੇ ਜਾਣ, ਪਟਾਕੇ ਚਲਾਉਣੇ ਘਟਾਏ ਜਾਣ, ਪੇਂਟ ਅਤੇ ਪਰਫਿਊਮ ਵਿਚਲੇ ਹਾਨੀਕਾਰਕ ਕੈਮੀਕਲਾਂ ਦੀ ਵਰਤੋਂ ਘਟਾਈ ਜਾਵੇ। ਪਲਾਸਟਿਕ ਤੋਂ ਵੀ ਤੌਬਾ ਕਰਨੀ ਹੀ ਪੈਣੀ ਹੈ।

**ਸਾਰ**: ਵਧਦਾ ਹਵਾ ਪ੍ਰਦੂਸ਼ਣ ਮਨੁਖੀ ਹੋਂਦ ਲਈ ਖ਼ਤਰਨਾਕ ਹੈ। ਜੇ ਭੈੜੀ ਮੌਤ ਨਹੀਂ ਮਰਨਾ ਤਾਂ ਹਰ ਹਾਲ ਜੰਗਲ ਬਚਾਉਣੇ ਪੈਣੇ ਹਨ। ਵਧ ਦਰੱਖ਼ਤ ਲਾ ਕੇ ਹੀ ਹਵਾ ਸਾਫ਼ ਕੀਤੀ ਜਾ ਸਕਦੀ ਹੈ। ਕੁਦਰਤੀ ਜੰਗਲ ਬਚਾਉਣੇ ਹੀ ਸਮੇਂ ਦੀ ਮੁਖ ਲੋੜ ਹੈ। ਜੇ ਸਾਡੇ ਵੱਡੇ ਵਡੇਰੇ ਏਨੀ ਸੋਹਣੀ ਦੁਨੀਆਂ ਸਾਡੇ ਲਈ ਛਡ ਕੇ ਗਏ ਸਨ ਤਾਂ ਸਾਨੂੰ ਕੀ ਹੱਕ ਹੈ ਕਿ ਅਸੀਂ ਆਪਣੇ ਬੱਚਿਆਂ ਕੋਲੋਂ ਉਨ੍ਹਾਂ ਦੇ ਸਾਹ ਵੀ ਖੋਹ ਲਈਏ। **ਜੰਗਲ ਖ਼ਤਮ ਕਰਨ ਦਾ ਮਤਲਬ ਹੈ- ਆਪਣੀਆਂ ਪੁਸ਼ਤਾਂ ਦਾ ਨਾਸ ਮਾਰਨਾ!**

**ਨੋਟ: (ਚੰਗੀ ਗਲ ਹੈ ਕਿ ਮੱਤੇਵਾੜਾ ਵਿਚ ਇੰਡਸਟ੍ਰੀ ਲਗਾਉਣ ਦਾ ਫੈਸਲਾ ਰੱਦ ਕਰ ਦਿੱਤਾ ਗਿਆ ਹੈ।)**

# ਅਗੱਸਤ ਦਾ ਮਹੀਨਾ

ਰੁਬੀਨਾ ਸਿੰਘ, ਵਿਦਿਆਰਥਣ, ਕੈਲਗਰੀ ਯੂਨੀਵਰਸਿਟੀ

**ਅਗੱਸਤ** ਦਾ ਨਾਮ ਸਮਰਾਟ ਆਗਸਟਸ ਔਕਟੇਵੀਅਸ ਤੋਂ ਪਿਆ ਜੋ ਜੂਲੀਅਸ ਸੀਜ਼ਰ ਦੀ ਮੌਤ ਤੋਂ ਬਾਅਦ ਰੋਮ ਦਾ ਸ਼ਾਸਕ ਬਣਿਆ। ਇਸ ਸ਼ਬਦ ਦਾ ਅਰਥ ਹੈ "ਸਨਮਾਨਿਤ"। ਇਹ ਆਮ ਤੌਰ 'ਤੇ ਸਾਲ ਦਾ ਸਭ ਤੋਂ ਗਰਮ ਮਹੀਨਾ ਹੁੰਦਾ ਹੈ। "ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ", ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਦਿਨ, 19 ਅਗਸਤ ਨੂੰ ਮਨਾਇਆ ਜਾਂਦਾ ਹੈ। ਨਾਨਕਸ਼ਾਹੀ ਕੈਲੰਡਰ ਅਨੁਸਾਰ, ਭਾਦੋਂ (ਜਾਂ ਭਾਦਰੋਂ) ਦਾ ਮਹੀਨਾ ਅਗੱਸਤ ਦੇ ਮੱਧ ਵਿਚ ਸ਼ੁਰੂ ਹੁੰਦਾ ਹੈ।

### ਅਗੱਸਤ ਦੀਆਂ ਕੁਝ ਮਹੱਤਵਪੂਰਨ ਘਟਨਾਵਾਂ

**6-ਅਗੱਸਤ:** ਉਸ ਦੁਖਦਾਈ ਦਿਨ ਦੀ ਯਾਦ ਦਿਵਾਉਂਦਾ ਹੈ ਜਦੋਂ ਪਹਿਲੀ ਵਾਰ (1945 ਵਿਚ ਪਹਿਲੇ ਵਿਸ਼ਵ-ਯੁੱਧ ਦੌਰਾਨ) ਅਮਰੀਕਾ ਨੇ ਹੀਰੋਸ਼ੀਮਾ (ਜਾਪਾਨ) ਉੱਤੇ ਇੱਕ ਐਟਮੀ ਬੰਬ ਸੁੱਟਿਆ ਸੀ।

**9-ਅਗੱਸਤ:** ਉਹ ਦੁਖਦਾਈ ਦਿਨ ਸੀ ਜਦੋਂ ਦੂਜੀ ਵਾਰ (1945 ਵਿੱਚ ਹੀ) ਅਮਰੀਕਾ ਨੇ ਨਾਗਾਸਾਕੀ (ਜਾਪਾਨ) ਉੱਤੇ ਇੱਕ ਹੋਰ ਐਟਮੀ ਬੰਬ ਸੁੱਟਿਆ ਸੀ। ਇਨ੍ਹਾਂ ਬੰਬਾਂ ਕਰ ਕੇ ਲੱਖਾਂ ਨਿਰਦੋਸ਼ ਵਿਅਕਤੀ ਮਾਰੇ ਗਏ ਸਨ।

**10-ਅਗੱਸਤ** (ਬਾਇਓਫਿਊਲ-ਡੇ): ਗੈਰ-ਜੈਵਿਕ (ਬਾਇਓ-) ਈਂਧਨ ਦੀ ਵਰਤੋਂ 'ਤੇ ਜ਼ੋਰ ਦਿੰਦਾ ਹੈ।

**12-ਅਗੱਸਤ** (ਵਿਸ਼ਵ ਯੁਵਾ ਦਿਵਸ): ਨੌਜਵਾਨਾਂ ਨੂੰ ਸਮਾਜਿਕ ਮੁੱਦਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਨ, ਠੋਸ ਕਾਰਵਾਈਆਂ ਅਤੇ ਪਹਿਲ ਕਦਮੀਆਂ ਕਰਨ ਲਈ ਉਤਸ਼ਾਹਿਤ ਕਰਨ ਲਈ ਹੈ।

**13-ਅਗੱਸਤ** (ਅੰਗ ਦਾਨ ਦਿਵਸ): ਅੰਗ ਦਾਨ ਕਰਨ ਦੇ ਮਹੱਤਵ 'ਤੇ ਜ਼ੋਰ ਦੇਣ ਲਈ ਨੀਯਤ ਕੀਤਾ ਗਿਆ ਹੈ।

**15-ਅਗੱਸਤ** (ਭਾਰਤ ਦਾ ਸੁਤੰਤਰਤਾ ਦਿਵਸ): ਜਦੋਂ ਭਾਰਤ ਨੂੰ 1947 ਵਿੱਚ ਬਰਤਾਨੀਆ ਤੋਂ ਆਜ਼ਾਦੀ ਮਿਲੀ ਸੀ।

**19-ਅਗੱਸਤ** (ਏਵੀਏਸ਼ਨ-ਡੇ): ਓਰਵਿਲ ਅਤੇ ਵਿਲਬਰ ਰਾਈਟ, 1903 ਵਿਚ ਪਹਿਲੇ ਹਵਾਈ ਜਹਾਜ਼ਾਂ ਦੇ ਬਣਾਉਣ ਵਾਲਿਆਂ, ਦੇ ਸਨਮਾਨ ਲਈ ਮਨਾਇਆ ਜਾਂਦਾ ਹੈ। ਇਹ ਓਰਵਿਲ ਰਾਈਟ ਦਾ ਜਨਮ ਦਿਨ ਹੈ।

**21-ਅਗੱਸਤ** (ਸੀਨੀਅਰ ਸਿਟੀਜ਼ਨ ਡੇ): ਅਮਰੀਕਨ ਰਾਸ਼ਟਰਪਤੀ ਰੋਨਾਲਡ ਰੀਗਨ ਦੀ 1988 ਵਿਚ ਕੀਤੀ ਪਹਿਲਕਦਮੀ ਕਰ ਕੇ ਬਜ਼ੁਰਗਾਂ ਦਾ ਸਨਮਾਨ ਕਰਨ ਅਤੇ ਉਮਰ ਦੇ ਭੇਦਭਾਵ ਤੋਂ ਬਚਾਉਣ ਦੀ ਯਾਦ ਦਿਵਾਉਂਦਾ ਹੈ।

**22-ਅਗੱਸਤ{** ਉਨ੍ਹਾਂ ਪੀੜਤਾਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਦਿਵਸ ਮਨਾਉਂਦੇ ਹਾਂ ਜਿਨ੍ਹਾਂ ਨੂੰ ਧਰਮ ਦੇ ਆਧਾਰ 'ਤੇ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

**25 ਤੋਂ 30 ਅਗੱਸਤ** (ਵਿਸ਼ਵ ਜਲ ਹਫ਼ਤਾ): ਪਾਣੀ ਦੀ ਦੁਨੀਆਂ ਭਰ ਵਿਚ ਜਾਂਚ ਅਤੇ ਪੀਣ ਵਾਲੇ ਸਾਫ ਪਾਣੀ ਦੀ ਕਮੀ ਦੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਮਨਾਇਆ ਜਾਂਦਾ ਹੈ।

**29-ਅਗੱਸਤ** (ਐਟਮੀ ਟੈਸਟਾਂ ਵਿਰੁੱਧ ਦਿਵਸ): ਪ੍ਰਮਾਣੂ ਹਥਿਆਰਾਂ ਦੀ ਭਵਿੱਖ ਵਿਚ ਕਿਤੇ ਵੀ ਵਰਤੋਂ ਨੂੰ ਰੋਕਣ ਲਈ ਮਨਾਇਆ ਜਾਂਦਾ ਹੈ।

**31-ਅਗੱਸਤ:** ਬ੍ਰਿਟੇਨ ਦੀ 36 ਸਾਲਾਂ ਦੀ ਰਾਜਕੁਮਾਰੀ ਡਾਇਨਾ ਦੀ 1997 ਵਿੱਚ ਇੱਕ ਤੇਜ਼ ਰਫ਼ਤਾਰ ਕਾਰ ਹਾਦਸੇ ਵਿੱਚ ਭਾਰੀ ਅੰਦਰੂਨੀ ਸੱਟਾਂ ਲੱਗਣ ਕਾਰਨ ਦੁਖਦਾਈ ਮੌਤ ਹੋ ਗਈ ਸੀ।

## ਵਿਗਸਦੀ ਖੁਸ਼ਹਾਲੀ ਦੇ ਦਾਤਾ-ਸ੍ਰੀ ਗੁਰੂ ਨਾਨਕ ਦੇਵ ਸਾਹਿਬ (1)
## (ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿੱਚ)

ਡਾ. ਬਲਵਿੰਦਰਪਾਲ ਸਿੰਘ, ਲੁਧਿਆਣਾ (ਭਾਰਤ)

ਸਮੈਟਿਕ ਪ੍ਰੰਪਰਾ ਅਨੁਸਾਰ ਆਦਮ ਤੇ ਹਵਾ ਨੂੰ ਸਵਰਗ ਦੇ ਬਾਗ ਵਿਚ ਖਾਣ ਲਈ ਸੇਬ ਹੀ ਮਿਲਿਆ ਸੀ ਜਿਸ ਨੂੰ ਖਾਣ ਉਪਰੰਤ ਗ੍ਰਹਿਸਥ ਜੀਵਨ ਅਰੰਭ ਹੋਇਆ ਦੱਸਿਆ ਜਾਂਦਾ ਹੈ। ਗੁਰਬਾਣੀ ਤਾਂ ਪਰਮਾਤਮਾ ਨੂੰ ਹੀ ਵੱਡਾ ਗ੍ਰਹਿਸਥੀ, ਵੱਡਪਰਵਾਰੀ ਅਤੇ ਸਭ ਪਰਜਾ ਦਾ ਮਾਤ-ਪਿਤਾ ਮੰਨਦੀ ਹੈ। ਪ੍ਰਮਾਤਮਾ ਜਿਸਨੂੰ ਗੁਰਮਤਿ ਨੇ ਵਾਹਿਗੁਰੂ ਅਕਾਲ ਪੁਰਖ ਦੱਸਿਆ ਹੈ, ਉਸ ਦੀ ਮਹਾਂ ਯੋਜਨਾ ਦੇ ਅੰਤਰਗਤ ਹੀ ਇਸ ਧਰਤੀ ਧਰਮਸ਼ਾਲਾ ਦੇ ਉੱਤੇ ਭਰਪੂਰ ਖਜ਼ਾਨੇ ਬਖਸ਼ੇ ਗਏ ਹਨ। ਇਸ ਦੇ ਨਾਲ ਹੀ ਮਨੁੱਖ ਦੇ ਮਸਤਕ ਵਿਚ ਸੋਚਣ ਸ਼ੱਕਤੀ ਦਿੱਤੀ ਹੈ ਜਿਸ ਨੂੰ ਵਰਤਦਿਆਂ ਹੋਇਆ, ਸਭਿਅਤਾਂਵਾਂ ਦੇ ਲੰਮੇਰੇ ਅਨੁਭਵ ਪਿੱਛੋਂ ਅਜੋਕੀ ਵਿਸ਼ਵਵਰਤੀ ਵਿਗਿਆਨਕ ਸਮਾਜਿਕ-ਆਰਥਕ ਵਿਵਸਥਾ ਹਾਸਲ ਹੋਈ ਹੈ। ਜੰਗਲੀ ਫੱਲ ਪਦਾਰਥ, ਝਾੜੀਆਂ, ਬਨਸਪਤ-ਸਬਜ਼ੀਆਂ ਅਤੇ ਅਨਾਜ ਦੀ ਕਾਸ਼ਤ ਦੀ ਲੰਬੀ ਲੜੀ ਉਪਰੰਤ ਹੁਣ ਵਿਗਿਆਨਕ ਖੇਤੀ ਦਾ ਯੁੱਗ ਆਣ ਪੁੱਜਾ ਹੈ। ਉਦਯੋਗਿਕੀ ਤਕਨੀਕ, ਅਤਿ ਸਰਲ ਤੋਂ ਸਰਲ, ਮਕਾਨਕੀ ਅਤੇ ਬਿਜਲਈ ਹੁੰਦੀ ਹੋਈ, ਹੁਣ ਕੰਪਿਊਟਰੀਕ੍ਰਿਤ ਸ੍ਵੈਚਲਤ ਵੀ ਹੋ ਗਈ ਹੈ।

ਏਨਾ ਕੁਝ ਹੁੰਦੇ ਹੋਏ ਵੀ ਅਜੇ ਦੁਨੀਆਂ ਵਿੱਚਲੇ ਬਹੁਤ ਖੇਤਰਾਂ ਵਿੱਚ ਭੁੱਖਮਰੀ, ਮਹਾਂਮਾਰੀ, ਅਨਪੜ੍ਹਤਾ, ਜਹਾਲਤ-ਦਲਿੱਦਰ, ਜ਼ੁਲਮ-ਵਧੀਕੀ ਆਦਿ ਖਤਮ ਨਹੀਂ ਹੋਏ। ਇਸ ਨੂੰ *'ਬਹੁਲਤਾ ਵਿੱਚ ਗਰੀਬੀ'* ਕਿਹਾ ਜਾਂਦਾ ਹੈ। ਇਸ ਦੁੱਖ ਭਰੀ ਸਥਿਤੀ ਦੇ ਕਾਰਣ ਲੱਭਦਿਆਂ ਵੀ ਮਾਹਿਰਾਂ ਨੂੰ ਕਈ ਦਹਾਕੇ ਲਗੇ ਅਤੇ ਸਮਾਜਿਕ-ਆਰਥਕ ਸਰਬਪੱਖੀ ਖੁਸ਼ਹਾਲੀ ਨੂੰ ਨਿਰਧਾਰਤ ਕਰਨ ਵਾਲੇ ਤੱਤ ਖੋਜਣ ਵਿਚ ਵੀ ਕਈ ਸਿਧਾਂਤ, ਮਾਡਲ, ਸੂਚਕਾਂਕ ਆਂਦਿ ਘੜੇ ਗਏ ਹਨ। ਨੋਬਲ ਪੁਰਸਕਾਰ ਹਾਸਲਕਰਤਾ ਡਾ. ਅੰਮ੍ਰਿਤਯ ਸੇਨ ਨੇ ਇਹ ਸਿੱਟਾ ਕੱਢਿਆ ਸੀ ਕਿ ਗਰੀਬੀ ਦਾ ਕਾਰਣ, ਘੱਟ ਉਤਪਾਦਨ ਨਹੀਂ ਹੈ, ਸਗੋਂ ਵੰਡ ਪ੍ਰਣਾਲੀ ਵਿੱਚ ਨੁਕਸ ਹੈ। ਗੁਰੂ ਜੀ ਇਹ ਸੱਚ 550 ਗੱਲ ਪਹਿਲਾਂ ਦਸਦੇ ਹਨ (SGGS, Page-465)



**"ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ॥"**

(All of the Earth, Property, Wealth and articles are all entanglements)

ਸਾਰੀ ਧਰਤੀ ਦੇ ਖਣਿਜ ਪਦਾਰਥ, ਫੱਲ-ਫੁੱਲ, ਬਨਸਪਤੀ ਅਤੇ ਮਾਨਵੀ ਨਿਰਮਤ ਸਾਧਨ ਬੇਸ਼ੁਮਾਰ ਹਨ। ਬਾਓਰ ਅਤੇ ਯਾਮੇ ਨੇ ਵੀ ਹਾਮੀ ਭਰੀ ਹੈ; "ਗਰੀਬ ਦੇਸ਼ਾਂ ਦੇ ਕੋਲ ਸਾਧਨ ਤਾਂ ਹਨ ਪਰ ਸਾਧਨ ਜਾਂ ਅਣਵਰਤੇ ਹੀ ਹਨ, ਘੱਟ ਵਰਤੇ ਗਏ ਹਨ ਅਤੇ ਜਾਂ ਇਨ੍ਹਾਂ ਦੀ ਗਲਤ ਵਰਤੋਂ ਹੋਈ ਹੈ"।

(Bauer and Yamey; Development Economics, Jain, Gupta, Sandhu; V.K. Publications, 2016)

ਅਮੀਰੀ ਜਾਂ ਖੁਸ਼ਹਾਲੀ ਨੂੰ ਅਰਥ ਸ਼ਾਸਤਰ ਵਿੱਚ ਆਰਥਕ ਵਿਕਾਸ ਜਾਂ ਆਰਥਕ ਵਾਧਾ ਕਿਹਾ ਜਾਂਦਾ ਹੈ। ਗਰੀਬ ਦੇਸ਼ਾਂ ਵਿੱਚ ਜਿੱਥੇ ਅਜੇ ਪੁਲ, ਸੜਕਾਂ, ਹਸਪਤਾਲ, ਸਕੂਲ, ਪਾਣੀ-ਪੂਰਤੀ, ਸੀਵਰੇਜ, ਕਾਰਖਾਨੇ ਆਦਿ ਸਥਾਪਤ ਹੋ ਰਹੇ ਹਨ, ਉਥੇ ਧਾਰਨਾ 'ਆਰਥਕ ਵਿਕਾਸ' ਮੰਨੀ ਜਾਂਦੀ ਹੈ।

ਅਮੀਰ ਦੇਸ਼ਾਂ ਵਿੱਚ ਜਿੱਥੇ ਇਹ ਸਭ ਕੁੱਝ ਬਣ ਚੁੱਕਾ ਹੈ, ਆਰਥਕ ਵਾਧਾ ਕਿਹਾ ਜਾਂਦਾ ਹੈ । ਮੁੱਖ ਅੰਤਰ 'ਆਰਥਕ ਵਿਕਾਸ ਦੀ ਪ੍ਰਕਿਰਤੀ' ਦਾ ਹੈ।

ਗੁਰੂ ਨਾਨਕ ਦੇਵ, ਜਪੁੱਜੀ ਵਿਚ ਆਰਥਕ ਵਸੀਲਿਆ ਦੀ ਗੱਲ ਤੋਰਦੇ ਹਨ, ਮਾਨਵੀ ਵਿਵਹਾਰ ਦੀ ਪੜਤਾਲ ਕਰਦੇ ਹਨ ਅਤੇ ਹੋਰ ਬਾਣੀ ਰੂਪਾਂ ਵਿੱਚ ਖੁਸ਼ਹਾਲੀ ਦੇ ਅਸਲ ਅਰਥ ਸਮਝਾਉਂਦੇ ਹੋਏ ਕੇਵਲ ਮਾਇਆ ਦੀ ਹੋਂਦ ਨੂੰ ਹੀ ਖੁਸ਼ਹਾਲੀ, ਵਿਕਾਸ ਜਾਂ ਵਾਧੇ ਦਾ ਜਾਮਨ ਨਹੀਂ ਮੰਨਦੇ। ਮਨੁੱਖ ਦਾ ਵਿਅਕਤੀਗਤ, ਪਰਵਾਰਿਕ, ਸਮੂਹਿਕ ਅਤੇ ਵਿਆਪਕ ਵਰਤਾਓ ਹੀ ਤਾਂ ਆਰਥਕ ਸਾਧਨਾ ਦੀ ਵਰਤੋਂ, ਸੋਸ਼ਣ-ਉਪਯੋਗ ਅਤੇ ਵੰਡ ਨੂੰ ਨਿਰਧਾਰਤ ਕਰਦਾ ਹੈ । ਭਾਵ, ਪੈਸੇ, ਪੂੰਜੀ ਅਤੇ ਸਾਧਨਾ ਤੋਂ ਅੱਗੇ, ਗੈਰ-ਆਰਥਕ ਤੱਤਾਂ, ਸੰਗਠਨ ਯੋਗਤਾ ਅਤੇ ਮਾਨਵੀ ਗੁਣਾਂ ਦਾ ਪ੍ਰਭਾਵ, ਖੁਸ਼ਹਾਲੀ ਦੀ ਦਸ਼ਾ ਅਤੇ ਦਿਸ਼ਾ ਨੂੰ ਨਿਸਚਤ ਕਰਦਾ ਹੈ ।

ਅਰਥਵਿਗਿਆਨੀ ਕੇਅਰਨਕ੍ਰਾਸ ਨੇ ਬਿਲਕੁਲ ਸਹੀ ਕਿਹਾ ਹੈ "ਵਿਕਾਸ ਕੇਵਲ ਬਹੁਤ ਸਾਰਾ ਧਨ ਹੋਣ ਦਾ ਮਸਲਾ ਨਹੀਂ ਹੈ ਤੇ ਨਾ ਹੀ ਇਹ ਸ਼ੁੱਧ ਆਰਥਕ ਧਾਰਨਾ ਹੀ ਹੈ। ਇਹ ਸਮਾਜਿਕ ਵਿਹਾਰ ਦੇ ਸਾਰੇ ਪੱਖਾਂ ਨਾਲ ਜੁੜਿਆ ਹੈ; ਅਮਨ ਕਾਨੂੰਨ ਦੀ ਸਥਾਪਨਾ ਨਾਲ, ਵਿਵਸਾਇਕ ਵਿਹਾਰਾਂ ਅਤੇ ਮਾਲ ਅਧਿਕਾਰੀਆਂ ਨਾਲ ਵਿਹਾਰਾਂ ਵਿਚ ਸੁਹਿਰਦਤਾ, ਪਰਿਵਾਰਾਂ ਦੇ ਵਿੱਚ ਸਬੰਧਾਂ, ਸਿੱਖਿਆਂ ਪੱਧਰ, ਮਕਾਨਕੀ ਢੰਗਾਂ ਵਿਧੀਆਂ ਨਾਲ ਜਾਣ ਪਹਿਚਾਣ"

A.K. Coirncross, Factors in
Economic, Development
(London, George Allen and Unwin)

ਮਨੁੱਖ ਦੀ ਭੁੱਖ ਕਦੇ ਨਹੀਂ ਮੁੱਕ ਸਕਦੀ (ਲੋੜਾਂ ਵੀ ਅਤੇ ਜੇ ਲਾਲਚ ਹੋਵੇ ਤਾਂ ਹੋਰ ਵੀ ਔਖਾ ਹੈ), ਇਹ ਸੱਚ ਜਪੁਜੀ ਦੇ ਅਰੰਭ ਵਿਚ ਹੀ ਦਿੱਤਾ ਗਿਐ;

**"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥"** (SGGS, Page- 1)

(The hunger of the hungry is not appeased, even by piling up loads of worldy goods.)

ਕਾਦਰ ਨੇ ਕੁਦਰਤ ਦੇ ਅੰਦਰ ਅਥਾਹ ਵਸਤਾਂ ਦਿੱਤਆਂ ਹੋਈਆਂ ਹਨ, ਜੀਵ, ਪ੍ਰਾਪਤ ਕਰਦੇ ਥੱਕ ਟੁੱਟ ਚਲੇ ਜਾਂਦੇ ਹਨ;

**"ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥"** (SGGS, Page- 2)

(The great Giver keeps on giving, while those who receive grow weary of receiving. Throughout the ages, consumers consume.)

ਰੱਬੀ ਹੋਂਦ ਦਾ ਭਰੋਸਾ ਹੋਣ ਤੇ, ਕਈ ਰੂਪਾਂ ਵਿਚ ਰੱਬ ਕੋਲੋਂ, ਲੋੜਾਂ ਅਤੇ ਲਾਲਸਾਂਵਾਂ ਅਨੁਸਾਰ ਲੋਕ ਮੰਗਦੇ ਰਹਿੰਦੇ ਹਨ;

**"ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥"** (SGGS, Page -2)

(People beg and pray, 'Give to us, Give to us. "and the Great Giver gives His gifts.)

# ਖੁਸ਼ੀ ਤੇ ਆਨੰਦ ...!

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ), ਵਟਸਐਪ: +91 98728 60488

ਖੁਸ਼ ਹੋਣਾ ਭਲਾ ਕੌਣ ਨਹੀਂ ਚਾਹੁੰਦਾ? ਅੱਜ ਹਰ ਬੰਦਾ ਖੁਸ਼ੀ ਦੀ ਭਾਲ ਵਿੱਚ ਲੱਗਾ ਹੋਇਆ ਹੈ। ਇਸ ਨੂੰ ਲੱਭਦਾ ਬੰਦਾ, ਘਰ ਬਦਲਦਾ, ਪਿੰਡ ਬਦਲਦਾ, ਸ਼ਹਿਰ ਬਦਲਦਾ, ਮੁਲਕ ਬਦਲਦਾ, ਪਰ ਇਹ ਹੱਥ ਨਹੀਂ ਆਉਂਦੀ। ਕਈ ਵਾਰੀ ਅਸੀਂ ਸਾਧਨ ਬਦਲਦੇ ਹਾਂ ਜਿਵੇਂ- ਕੋਈ ਮਹਿਫਲ ਲੱਭਦੇ ਹਾਂ ਏਸ ਲਈ, ਕੋਈ ਨਾਚ ਗਾਣੇ ਦੇਖਦੇ ਹਾਂ ਜਾਂ ਨਸ਼ਾ ਕਰਦੇ ਹਾਂ। ਕਈ ਵਾਰੀ ਕਿੱਤੇ ਬਦਲੇ ਜਾਂਦੇ ਹਨ, ਹੋਰ ਤਾਂ ਹੋਰ ਕਈ ਵਾਰੀ ਜੀਵਨ ਸਾਥੀ ਵੀ ਬਦਲ ਲਏ ਜਾਂਦੇ ਹਨ। ਪਰ ਇਹ ਸਾਨੂੰ ਇੱਕ ਝਲਕਾਰਾ ਦੇ ਕੇ, ਫੇਰ ਸਾਡੇ ਅੱਗੇ ਅੱਗੇ ਭੱਜ ਤੁਰਦੀ ਹੈ। ਇਸ ਦੇ ਜਾਣ ਦਾ ਸਾਨੂੰ ਇੰਨਾ ਦੁੱਖ ਨਹੀਂ ਹੁੰਦਾ, ਜਿੰਨਾ ਇਸ ਗੱਲ ਦਾ ਹੁੰਦਾ ਹੈ ਕਿ- ਇਹ ਸਾਡੇ ਕੋਲੋਂ ਦੌੜ ਕੇ ਸਾਡੇ ਗੁਆਂਢੀ ਜਾਂ ਕਿਸੇ ਦੋਸਤ ਮਿੱਤਰ ਕੋਲ ਜਾ ਬਹਿੰਦੀ ਹੈ- ਤੇ ਅਸੀਂ ਇਸ ਨੂੰ ਦੂਰੋਂ ਤੱਕਦੇ ਬੱਸ ਕੁੜ੍ਹਨ ਜੋਗੇ ਰਹਿ ਜਾਂਦੇ ਹਾਂ।

ਅਸਲ ਵਿੱਚ- 'ਦੂਰ ਦੇ ਢੋਲ ਸੁਹਾਵਣੇ' ਅਨੁਸਾਰ, ਦੂਜਿਆਂ ਦੇ ਦੁੱਖ ਸਾਨੂੰ ਪਤਾ ਨਹੀਂ ਹੁੰਦੇ। ਇਸੇ ਕਰਕੇ ਸਾਨੂੰ, ਦੂਜੇ ਦੀ ਥਾਲੀ ਵਿੱਚ ਪਿਆ ਲੱਡੂ ਵੱਡਾ ਲਗਦਾ ਹੈ। ਕੋਈ ਅਮੀਰ ਹੈ- ਸਾਨੂੰ ਲਗਦਾ ਉਹ ਬੜਾ ਸੁਖੀ ਹੈ, ਬੜਾ ਖੁਸ਼ ਹੈ। ਪਰ ਕਈ ਲੋਕ ਕੱਖਾਂ ਦੀ ਕੁੱਲੀ ਵਿੱਚ ਵੀ ਬੜੇ ਖੁਸ਼ ਹਨ- ਤੇ ਕਈਆਂ ਨੂੰ ਮਖਮਲੀ ਗੱਦਿਆਂ ਤੇ ਵੀ ਨੀਂਦ ਨਹੀਂ ਆਉਂਦੀ ਸਾਰੀ ਰਾਤ। ਜਿਹੜੇ ਇੰਡੀਆ ਬੈਠੇ, ਉਹ ਕਹਿਣਗੇ-'ਫਲਾਨਾ ਕਨੇਡਾ ਚਲਾ ਗਿਆ- ਮੌਜਾਂ ਮਾਣਦਾ!' ਇਹ ਤਾਂ ਉਸ ਵਿਚਾਰੇ ਨੂੰ ਪੁੱਛੋ ਕਿ- ਕਿਵੇਂ ਦਿਨ ਰਾਤ ਇੱਕ ਕਰਕੇ ਡਾਲਰ ਕਮਾਉਂਦਾ ਤੇ ਕਿਸ਼ਤਾਂ ਉਤਾਰਦਾ। ਗੁਰਬਾਣੀ ਵਿੱਚ ਵੀ ਆਉਂਦਾ ਹੈ- **ਨਾਨਕ ਦੁਖੀਆ ਸਭੁ ਸੰਸਾਰੁ॥ (ਅੰਗ 953)॥**

ਸੋ ਇਸ ਸੰਸਾਰ ਵਿੱਚ ਰਹਿੰਦਿਆਂ ਦੁੱਖ-ਸੁੱਖ ਤਾਂ ਆਉਣੇ ਹੀ ਹਨ। ਮੇਰੇ ਦਾਦੀ ਜੀ ਕਹਿੰਦੇ ਹੁੰਦੇ ਸਨ ਕਿ- 'ਜਿਸਨੂੰ ਨਾ ਪੁੱਛੋ ਉਹੀ ਸੁਖੀ ਹੈ'। ਦੂਰੋਂ ਸੁਖੀ ਦਿਸਣ ਵਾਲੇ ਦੇ ਜ਼ਰਾ ਕੁ ਨੇੜੇ ਜਾਓ ਤਾ ਪਤਾ ਲਗਦਾ ਹੈ ਕਿ- ਉਹ ਤਾਂ ਸਾਡੇ ਤੋਂ ਵੀ ਵੱਧ ਦੁਖੀ ਹੈ। ਇਸੇ ਕਰਕੇ ਸਿਆਣੇ ਮਨੁੱਖ ਸਹਿਜੇ ਕੀਤੇ ਆਪਣਾ ਦੁੱਖ ਕਿਸੇ ਅੱਗੇ ਫੋਲਦੇ ਨਹੀਂ- ਕਿਉਂਕਿ ਉਹ ਜਾਣਦੇ ਹਨ ਕਿ ਮੈਂ ਇੱਕ ਦੁੱਖ ਸੁਣਾਇਆ ਤਾਂ ਮੈਨੂੰ ਵੀ ਇਸ ਦੇ ਵੀਹ ਦੁੱਖ ਸੁਣਨੇ ਪੈਣਗੇ।

ਦੁਖ ਕੀਆ ਪੰਡਾਂ ਖੁਲ੍ਹੀਆ ਸੁਖ ਨ ਨਿਕਲਿਓ ਕੋਇ॥ (ਅੰਗ 1240)॥ ਹਰ ਕੋਈ ਦੁੱਖਾਂ ਦੀ ਪੰਡ ਚੁੱਕੀ ਫਿਰਦਾ ਹੈ। ਵਿਚੋਂ ਸੁਖ ਨਹੀਂ ਨਿਕਲਦਾ।

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥** (ਅੰਗ 1381)॥

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਦੁੱਖਾਂ ਤੋਂ ਬਚਣ ਦਾ ਕੋਈ ਸਾਧਨ ਹੈ? ਕੀ ਜ਼ਿੰਦਗੀ ਵਿੱਚ ਮਿਲਣ ਵਾਲੀ ਕੁੱਝ ਪਲਾਂ ਦੀ ਖੁਸ਼ੀ ਨੂੰ ਸਦੀਵੀ ਬਣਾਇਆ ਜਾ ਸਕਦਾ? ਕੀ ਅਸੀਂ ਜ਼ਿੰਦਗੀ ਦਾ ਅਨੰਦ ਵੀ ਮਾਣ ਸਕਦੇ ਹਾਂ? ਇਹਨਾਂ ਸਵਾਲਾਂ ਦੇ ਉਤਰ ਜਾਣਨ ਤੋਂ ਪਹਿਲਾਂ- ਸਾਨੂੰ 'ਆਨੰਦ' ਦੀ ਪਰਿਭਾਸ਼ਾ ਨੂੰ ਸਮਝਣਾ ਪਵੇਗਾ। ਜਦੋਂ ਅਸੀਂ ਕਿਸੇ ਗੱਲ ਤੋਂ ਖੁਸ਼ ਹੁੰਦੇ ਹਾਂ, ਤਾਂ ਕਹਿ ਦਿੰਦੇ ਹਾਂ ਕਿ- 'ਬੜਾ ਆਨੰਦ ਹੈ'। ਅਸੀਂ ਅਨੰਦ ਨੂੰ 'ਫਿਜ਼ੀਕਲ' ਵਸਤੂਆਂ ਨਾਲ ਮਾਪਦੇ ਹਾਂ। ਜਿਵੇਂ- ਜੇ ਕਿਸੇ ਕੋਲ ਬਹੁਤਾ ਧਨ ਹੈ ਤਾਂ ਕਹਿੰਦੇ ਹਾਂ ਕਿ-'ਉਹ ਬੜੇ ਅਨੰਦ ਵਿੱਚ ਹੈ'।ਜੇ ਖਾਣਾ ਸੁਆਦ ਲੱਗਾ ਤਾਂ ਵੀ ਕਹਿੰਦੇ ਹਾਂ-'ਅਨੰਦ ਆ ਗਿਆ'।ਜੇ ਕਿਸੇ ਕੋਲ ਵੱਡੀ ਗੱਡੀ ਹੈ ਜਾਂ ਘਰ ਹੈ ਤਾਂ ਵੀ ਸੋਚਦੇ ਹਾਂ ਕਿ-'ਉਹ ਆਨੰਦ 'ਚ ਰਹਿੰਦਾ ਹੈ'। ਪਰ ਇਹ ਸਹੀ ਨਹੀਂ ਹੈ।

'ਖੁਸ਼ੀ' ਤੇ 'ਅਨੰਦ' ਵਿੱਚ ਢੇਰ ਸਾਰਾ ਅੰਤਰ ਹੈ। ਸਦੀਵੀ ਖੁਸ਼ੀ ਨੂੰ 'ਅਨੰਦ' ਕਿਹਾ ਜਾ ਸਕਦਾ ਹੈ। ਇਹ ਕਿਸੇ ਭੌਤਿਕ ਵਸਤੂ ਤੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਧਨ ਨਾਲ ਕੇਵਲ ਭੌਤਿਕ ਵਸਤਾਂ ਹੀ ਖਰੀਦੀਆਂ ਜਾ ਸਕਦੀਆਂ ਹਨ- ਜਦ ਕਿ 'ਅਨੰਦ' ਦਾ ਸਬੰਧ ਤਾਂ ਸਾਡੀ ਆਤਮਾ ਨਾਲ ਹੈ। 'ਅਨੰਦ' ਦੁੱਖ ਸੁੱਖ ਤੋਂ ਪਾਰ ਜਾਣ ਦੀ ਅਵਸਥਾ ਹੈ। **ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ (ਅੰਗ 917)॥**

ਤੀਸਰੇ ਪਾਤਸ਼ਾਹ ਨੇ ਜਿਸ 'ਅਨੰਦ' ਦੀ ਵਿਆਖਿਆ ਕੀਤੀ ਹੈ ਉਹ ਤਾਂ ਤੱਤੀ ਰੇਤ ਸੀਸ ਤੇ ਪੈਣ ਤੇ ਜਾਂ ਆਰੇ ਨਾਲ ਚੀਰਨ ਨਾਲ ਜਾਂ ਬੰਦ ਬੰਦ ਕੱਟਣ ਨਾਲ ਵੀ ਖਤਮ ਨਹੀਂ ਕੀਤਾ ਜਾ ਸਕਦਾ। ਇਸ ਅਵਸਥਾ ਵਿੱਚ ਤਾਂ ਤੱਤੀਆਂ ਤਵੀਆਂ ਤੇ ਬੈਠਣ ਨਾਲ ਵੀ '**ਤੇਰਾ ਕੀਆ ਮੀਠਾ ਲਾਗੇ॥** ' ਮੁਖੋਂ ਉਚਾਰਿਆ ਜਾ ਸਕਦਾ ਹੈ। ਇਸ ਅਵਸਥਾ ਵਾਲਾ ਹੀ ਦੂਜਿਆਂ ਲਈ ਕੁਰਬਾਨ ਹੋ ਸਕਦਾ ਹੈ। ਇਹ ਮਨ ਦੀ ਉਹ ਅਵਸਥਾ ਹੈ ਜਿਸ ਵਿੱਚ- ਬੱਚਿਆਂ ਦੇ ਟੋਟੇ ਕਰਵਾ, ਗਲਾਂ 'ਚ ਹਾਰ ਪਵਾ ਕੇ ਵੀ ਇਹ ਅਰਦਾਸ ਕੀਤੀ ਜਾਂਦੀ ਹੈ ਕਿ-'ਦਿਨ ਤੇਰੇ ਭਾਣੇ 'ਚ ਅਨੰਦ 'ਚ ਬਤੀਤ ਹੋਇਆ- ਰੈਣ ਆਈ.. ਇਹ ਵੀ ਤੇਰੇ ਭਾਣੇ 'ਚ 'ਅਨੰਦ' 'ਚ ਬਤੀਤ ਹੋਵੇ'। ਇਸ ਅਵਸਥਾ ਵਿੱਚ ਹੀ- ਕੰਡਿਆਂ ਦੀ ਸੇਜ ਤੇ 'ਮਿੱਤਰ ਪਿਆਰੇ' ਲਈ ਗੀਤ ਗਾਇਆ ਜਾ ਸਕਦਾ ਹੈ। ਤੇ ਇਸੇ ਅਵਸਥਾ ਵਾਲਾ ਇਨਸਾਨ ਹੀ ਸਰਬੰਸ ਵਾਰਨ ਉਪਰੰਤ, ਜ਼ਾਲਿਮ ਨੂੰ 'ਜਿੱਤ ਦੀ ਚਿੱਠੀ' (ਜ਼ਫ਼ਰਨਾਮਾ) ਲਿਖ ਸਕਦਾ ਹੈ। ਇਹ ਉਹ ਅਵਸਥਾ ਹੈ ਜਿਸ ਵਿੱਚ ਆਤਮਾ ਏਨੀ ਉਪਰ ਉਠ ਜਾਂਦੀ ਹੈ ਕਿ ਉਹ ਦੁੱਖ-ਸੁਖ ਨੂੰ ਸਮਾਨ ਸਮਝ, ਅਕਾਲ ਪੁਰਖ ਦੇ ਹੁਕਮ ਨੂੰ ਭਾਣਾ ਮੰਨ ਕੇ, ਖਿੜੇ ਮੱਥੇ ਸਵੀਕਾਰ ਕਰਦੀ ਹੈ।

ਅਨੰਦ ਦੀ ਅਵਸਥਾ ਵਿੱਚ- ਪੀਰ, ਪੈਗੰਬਰ, ਅਵਤਾਰ, ਬ੍ਰਹਮ ਗਿਆਨੀ, ਪੂਰਨ ਸੰਤ (ਨਕਲੀ ਨਹੀਂ), ਪੂਰਨ ਗੁਰਸਿੱਖ ਜਾਂ ਨਾਮ ਦੀ ਕਮਾਈ ਕਰਨ ਵਾਲੇ ਆਉਂਦੇ ਹਨ। ਅਸੀਂ ਲੋਕ, ਇਸ ਅਵਸਥਾ ਤੱਕ ਤਾਂ ਸ਼ਾਇਦ ਨਾ ਪਹੁੰਚ ਸਕੀਏ। ਪਰ ਕੁੱਝ ਇੱਕ ਨੁਕਤੇ ਜੀਵਨ ਵਿੱਚ ਅਪਣਾ ਕੇ- ਹਰ ਵੇਲੇ ਦੁਖੀ ਹੋਣ ਤੋਂ ਬਚ ਸਕਦੇ ਹਾਂ।

'ਖੁਸ਼ੀ' ਦਾ ਸਬੰਧ ਸਾਡੇ ਮਨ ਨਾਲ ਹੈ। ਇਸ ਲਈ ਇਹ ਸਾਨੂੰ ਬਾਹਰੋਂ ਨਹੀਂ- ਅੰਦਰੋਂ ਮਿਲਣੀ ਹੈ- ਮਨ ਦੀ ਤ੍ਰਿਪਤੀ ਨਾਲ। ਸਾਡੇ ਅੰਦਰ ਚਲ ਰਹੇ ਵਿਚਾਰਾਂ ਦੇ ਸੰਗ੍ਰਹਿ ਨੂੰ 'ਮਨ' ਕਹਿੰਦੇ ਹਨ। ਜਿੰਨੇ ਵਿਚਾਰ ਵੱਧ ਚਲਦੇ ਹਨ- ਉਨਾ ਹੀ ਅਸੀਂ ਅਸ਼ਾਂਤ ਤੇ ਦੁਖੀ ਹੁੰਦੇ ਹਾਂ। ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ- ਜੇ ਅਸੀਂ ਵਿਚਾਰਾਂ ਦੀ ਗਤੀ ਕੰਟਰੋਲ ਕਰ ਲਈਏ ਤਾਂ- ਸਾਡਾ ਮਨ ਸ਼ਾਂਤ ਹੋ ਸਕਦਾ ਹੈ। ਇਸ ਲਈ ਸਾਨੂੰ ਵਰਤਮਾਨ 'ਚ ਰਹਿਣਾ ਪਏਗਾ। ਬਹੁਤ ਵਾਰੀ ਸਾਡੇ ਨਾਲ ਇਹ ਵਾਪਰਦਾ ਹੈ ਕਿ- ਅਸੀਂ ਪਾਠ ਕਰ ਰਹੇ ਹੁੰਦੇ ਹਾਂ, ਪਰ ਸਾਡਾ ਮਨ ਕਦੇ ਬੀਤੇ ਵਿੱਚ ਪਹੁੰਚ ਜਾਂਦਾ ਹੈ ਤੇ ਕਦੇ ਆਉਣ ਵਾਲੇ ਸਮੇਂ ਬਾਰੇ ਸੋਚਣ ਲੱਗ ਜਾਂਦਾ ਹੈ। ਪਤਾ ਹੀ ਨਹੀਂ ਲਗਦਾ ਕਿ- ਜਪੁਜੀ ਸਾਹਿਬ ਦੀਆਂ ਕਿੰਨੀਆਂ ਪਉੜੀਆਂ ਅਸੀਂ ਬਿਨਾ ਸੁਣੇ ਹੀ ਪੜ੍ਹ ਲਈਆਂ। ਜੋ ਕੰਮ ਹੁਣ ਕਰ ਰਹੇ ਹਾਂ- ਜੇ ਉਸ ਵਿੱਚ ਪੂਰਾ ਧਿਆਨ ਕੇਂਦਰਤ ਕੀਤਾ ਜਾਵੇ ਤਾਂ ਮਨ ਦੌੜਦਾ ਨਹੀਂ। ਏਸੇ ਕਰਕੇ ਅੱਜਕਲ ਮੈਡੀਟੇਸ਼ਨ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਵਿੱਚ- ਆਪਣੇ ਮਨ ਦੇ ਵਿਚਾਰਾਂ ਨੂੰ ਰੋਕ ਕੇ, ਆਪਣੇ ਅੰਦਰ ਬੈਠੀ ਆਤਮਾ ਨਾਲ ਜੁੜਨਾ ਹੁੰਦਾ ਹੈ ਜੋ ਕਿ ਪ੍ਰਮਾਤਮਾ ਦਾ ਅੰਸ਼ ਹੈ। ਸਾਡੀ ਆਤਮਾ ਹੀ ਅਸਲ ਵਿੱਚ ਸਾਡੇ ਸਰੀਰ ਦਾ ਡਰਾਈਵਰ ਹੈ- ਤੇ ਜਦੋਂ ਇਹ ਵਿਚੋਂ ਨਿਕਲ ਜਾਂਦੀ ਹੈ ਤਾਂ ਸਾਡਾ ਸਰੀਰ ਮਿੱਟੀ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਸਾਡਾ ਰੱਬ ਸਾਡੇ ਅੰਦਰ ਵੀ ਬੈਠਾ ਹੈ- ਤੇ ਸਾਰੇ ਬ੍ਰਹਿਮੰਡ ਦੇ ਕਣ ਕਣ ਵਿੱਚ ਵੀ ਸਮਾਇਆ ਹੋਇਆ ਹੈ। ਬੱਸ ਲੋੜ ਹੈ ਉਸ ਨੂੰ ਪਛਾਨਣ ਦੀ!

ਮੁੱਕਦੀ ਗੱਲ ਇਹ ਹੈ ਕਿ- ਉਸ ਕਰਤੇ ਦੀ ਬਣਾਈ ਹਰ ਰਚਨਾ ਨੂੰ ਪਿਆਰ ਕਰੀਏ- ਸੋਚ ਨੂੰ ਹਾਂ-ਪੱਖੀ ਬਣਾਈਏ ਤਾਂ ਸਾਨੂੰ ਛੋਟੀਆਂ ਛੋਟੀਆਂ ਗੱਲਾਂ ਵੀ ਖੁਸ਼ੀ ਦੇ ਸਕਦੀਆਂ ਹਨ। ਕਿਸੇ ਬੱਚੇ ਦੀ ਮੁਕਰਾਹਟ, ਖਿੜੇ ਹੋਏ ਫੁੱਲ, ਕਿਸੇ ਵਲੋਂ ਕੀਤਾ ਧੰਨਵਾਦ, ਕੋਈ ਨਿਸ਼ਕਾਮ ਸੇਵਾ, ਕਿਸੇ ਦੀ ਮਦਦ, ਕੋਈ ਪਿਆਰੀ ਮਿਲਣੀ, ਕੋਈ ਚੰਗੀ ਕਵਿਤਾ ਜਾਂ ਗੀਤ, ਸਤ-ਸੰਗਤ ਆਦਿ- ਖੁਸ਼ੀਆਂ ਹੀ ਤਾਂ ਹਨ ਚਾਰੇ ਪਾਸੇ। ਕਿਸੇ ਪਹਾੜ ਦੀ ਸੈਰ, ਕੁਦਰਤੀ ਨਜ਼ਾਰੇ, ਇਹ ਝੀਲਾਂ, ਇਹ ਝਰਨੇ, ਚਹਿਚਹਾਉਂਦੇ ਪੰਛੀ,.ਗੱਲ ਕੀ ਚਾਰੇ ਪਾਸੇ ਕੁਦਰਤ ਨੇ ਸੰਗੀਤ ਪੈਦਾ ਕੀਤਾ ਹੈ- ਬੱਸ ਦੇਖਣ ਵਾਲੀ ਅੱਖ ਹੋਣੀ ਚਾਹੀਦੀ ਸਾਡੇ ਕੋਲ! ਜੇ ਰੱਬ ਨੂੰ ਪਿਆਰ ਕਰਨਾ ਚਾਹੁੰਦੇ ਹਾਂ- ਤਾਂ ਉਸ ਦੇ ਬਣਾਏ ਹਰ ਇਨਸਾਨ ਨੂੰ ਪਿਆਰ ਕਰੀਏ- ਸਰਬੱਤ ਦਾ ਭਲਾ ਮੰਗੀਏ- ਸਬਰ ਸੰਤੋਖ ਦੇ ਧਾਰਨੀ ਬਣੀਏ- ਦਾਤੇ ਵਲੋਂ ਮਿਲੀਆਂ ਅਨੇਕ ਦਾਤਾਂ ਲਈ ਉਸ ਦਾ ਸ਼ੁਕਰਾਨਾ ਕਰੀਏ- ਤਾਂ ਖੁਸ਼ੀ ਨੂੰ ਕਿਧਰੇ ਭਾਲਣ ਨਹੀਂ ਜਾਣਾ ਪੈਣਾ, ਇਹ ਆਪਣੇ ਆਪ ਸਾਡੇ ਕੋਲ ਭੱਜੀ ਆਏਗੀ

# ਕੁਦਰਤ ਰਾਣੀ

ਹਰਮੀਤ ਕੌਰ ਮੀਤ,
ਗੁਰਦਾਸਪੁਰ (ਭਾਰਤ)



ਕੁਦਰਤ ਰਾਣੀ
ਮਾਂ ਧਰਤੀ ਦੇ ਬੱਚੇ ਬਣ ਕੇ
ਇਕ ਇਕ ਰੁੱਖ ਲਗਾਈਏ ਜੀ
ਕੁਦਰਤ ਰਾਣੀ ਸਾਂਭ ਕੇ ਰੱਖੀਏ
ਜੀਵਨ ਸਫ਼ਲ ਬਣਾਈਏ ਜੀ

ਪਵਣ ਗੁਰੂ ਪਾਣੀ ਪਿਤਾ
ਮਾਤਾ ਧਰਤੀ ਮਾਂ ਹੈ ਜੀ
ਬਾਬੇ ਨਾਨਕ ਨੇ ਵਡਿਆਇਆ
ਮਾਂ ਦੀ ਸੰਘਣੀ ਛਾਂ ਹੈ ਜੀ
ਨਾ ਵੱਢੀਏ ਅਸੀਂ ਰੁੱਖਾਂ ਤਾਈਂ
ਲੋਕਾਂ ਨੂੰ ਸਮਝਾਈਏ ਜੀ
ਕੁਦਰਤ ਰਾਣੀ........

ਪੰਜ ਤੱਤਾਂ ਦੀ ਸ੍ਰਿਸ਼ਟੀ ਸੋਹਣੀ
ਸਾਜੀ ਸਿਰਜਣਹਾਰੇ ਨੇ
ਨਦੀਆਂ ਨਾਲੇ ਪਰਬਤ ਸੋਹਣੇ
ਸੂਰਜ ਚੰਨ ਸਿਤਾਰੇ ਨੇ
ਆਓ ਰਲ ਕੇ ਗੀਤ ਖ਼ੁਸ਼ੀ ਦੇ
ਝਰਨਿਆਂ ਵਾਂਗਰ ਗਾਈਏ ਜੀ
ਕੁਦਰਤ੍ ਰਾਣੀ........

ਉੱਚੇ ਉੱਚੇ ਰੁੱਖਾਂ ਦੇ ਨਾਲ
ਕੁਦਰਤ ਰਾਣੀ ਸੋਂਹਦੀ ਏ
ਹਰ ਪ੍ਰਾਣੀ ਦੇ ਮਨ ਨੂੰ ਭਾਵੇ
ਹਰ ਸ਼ੈਅ ਨੂੰ ਹੀ ਮੌਂਹਦੀ ਏ
ਪਿਆਰ ਦੀਆਂ ਪੀਂਘਾਂ ਹੱਸ ਹੱਸ ਕੇ
ਕੁਦਰਤ ਦੇ ਨਾਲ ਪਾਈਏ ਜੀ
ਕੁਦਰਤ ਰਾਣੀ........

ਅਕਲਾਂ ਦੇ ਖ਼ੂਹ ਖਾਲੀ ਹੋ ਗਏ
ਲਾਈ ਅੱਗ ਪਰਾਲੀ ਨੂੰ
ਰਸਾਇਣਕ ਖਾਦਾਂ ਪਾਈ ਜਾਵੇ
ਕੀ ਹੋ ਗਿਆ ਅੱਜ ਦੇ ਹਾਲੀ ਨੂੰ
ਜਿਹੜੀ ਧਰਤੀ ਸੋਨਾ ਉਗਲੇ
ਨਾ ਇੰਝ ਬਾਂਝ ਬਣਾਈਏ ਜੀ
ਕੁਦਰਤ ਰਾਣੀ.......

ਜਿਸ ਥਾਂ ਗੁਰਾਂ ਨੇ ਪੈਰ ਸੀ ਪਾਏ
ਤੇਗ ਬਹਾਦਰ ਰੁੱਖ ਲਗਾਏ
ਆਓ ਸਾਰੇ ਰਲ ਮਿਲ ਕੇ ਜੀ
ਗੁਰਾਂ ਦੇ ਵਚਨ ਪੁਗਾਈਏ ਜੀ
ਕੁਦਰਤ ਰਾਣੀ ..........

ਮੀਤ ਜੇ ਚਾਹੁੰਦੇ ਸੁੱਖ ਨੂੰ ਪਾਉਣਾ
ਧਰਤੀ ਨੂੰ ਫਿਰ ਪਊ ਬਚਾਉਣਾ
ਰੁੱਖ ਤੇ ਕੁੱਖ ਬਚਾ ਲਓ ਰਲ ਕੇ
ਸਾਫ਼ ਕਰ ਦਿਓ ਧਰਤੀ ਪੌਣਾਂ
ਪਾਕ ਪਵਿੱਤਰ ਨਦੀਆਂ ਤਾਈਂ
ਜਾ ਕੇ ਸੀਸ ਨਿਵਾਈਏ ਜੀ
ਕੁਦਰਤ ਰਾਣੀ.........

# ਸੰਗਰਾਂਦ (ਮਨਮਤਿ ਤੇ ਗੁਰਮਤਿ)

ਉਂਕਾਰ ਸਿੰਘ ਟਿਵਾਣਾ, ਬ੍ਰੈਂਟਡੋਰਡ (ਕੈਨੇਡਾ)

'**ਸੰਗਰਾਂਦ**' ਸੰਸਕ੍ਰਿਤ ਦੇ ਸ਼ਬਦ 'ਸਾਂਕਾਤਿ' ਤੋਂ ਬਣਿਆ ਹੈ ਜਿਸਦਾ ਭਾਵ ਹੈ ਸੂਰਜ ਦਾ ਇਕ ਰਾਸ ਤੋਂ ਦੂਜੀ ਵਿੱਚ ਦਾਖਲ ਹੋਣਾ। ਬਿਕ੍ਰਮੀ ਸੰਮਤ ਅਨੁਸਾਰ ਬਾਰਾਂ ਰਾਸਾਂ ਤੇ ਬਾਰਾਂ ਮਹੀਨੇ ਹਨ। ਜੋ ਲੋਕ ਸੂਰਜ ਦੇਵਤਾ ਦੇ ਉਪਾਸ਼ਕ ਹਨ ਉਹ ਹਰ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਪਵਿੱਤਰ ਮੰਨ ਕੇ ਉਚੇਚੀ ਸੂਰਜ ਪੂਜਾ ਕਰਦੇ ਹਨ। ਸਿੱਖੀ ਸਿਧਾਂਤ ਮੁਤਾਬਕ, ਗੁਰਸਿੱਖ ਇਕ "ਅਕਾਲ" ਦਾ ਪੁਜਾਰੀ ਹੈ ਨਾ ਕਿ ਸੂਰਜ ਦਾ। ਸਾਰੇ ਦਿਨ ਇਕੋ ਜਿਹੇ ਹਨ। ਸੰਗਰਾਂਦ ਦਾ ਦਿਨ ਪਵਿੱਤਰ ਤੇ ਬਾਕੀ ਅਪਵਿੱਤਰ ਨਹੀਂ।

**'ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ'**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿਚ ਬਾਰਹਮਾਹਾ ਉਚਾਰਨ ਕੀਤਾ ਹੈ  ਜਿਨ੍ਹਾਂ ਵਿੱਚ ਸੂਰਜ ਦੀ ਸੰਗਰਾਂਦ ਦਾ ਕੋਈ ਸਬੰਧ ਨਹੀਂ ਹੈ। ਬਾਰਾਮਾਹਾ ਇਕ ਪੁਰਾਤਨ ਕਾਵਿ ਰੂਪ ਹੈ। ਇਸ ਕਾਵਿ ਰੂਪ ਦੀ ਹਰਮਨ ਪਿਆਰਤਾ ਕਾਰਨ ਗੁਰੂਆਂ ਨੇ ਬੰਦਗੀ ਕਰਨ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਬਾਰਹਾਮਾਹਾ ਦੀ ਰਚਨਾ ਕੀਤੀ। ਗਰੂ ਸਾਹਿਬਾਨ ਤਾਂ ਬਾਣੀ  ਵਿੱਚ ਥਿੱਤਾਂ, ਵਾਰਾਂ, ਮਹੀਨਿਆਂ, ਦਿਨਾਂ ਨੂੰ ਪਵਿੱਤਰ/ਅਪਵਿੱਤਰ ਕਹਿਣ ਵਾਲਿਆਂ ਨੂੰ ਮਹਾਂਮੂਰਖ ਦਾ ਦਰਜਾ ਦਿੰਦੇ ਹਨ ਗਵਾਰ ਕਹਿੰਦੇ ਹਨ। ਅਸੀਂ ਗੁਰੂ ਦੀ ਗੱਲ ਅਣਸੁਣੀ ਕਰ ਕੇ ਸੰਗਰਾਂਦ ਵਾਲੇ ਦਿਨ ਨੂੰ ਸ਼ੁੱਭ ਦਿਨ ਮੰਨੀ ਜਾ ਰਹੇ ਹਾਂ। ਗੁਰਬਾਣੀ ਅਨੁਸਾਰ

**ਸਤਿਗੁਰ ਬਾਝਹੁ ਅੰਧੁ ਗੁਬਾਰੁ ਥਿੱਤੀ ਵਾਰ ਸੇਵਹਿ ਮੁਗਧ ਗਵਾਰ।** (ਬਿਲਾਵਲ ਮਹਲਾ 3 ਵਾਰ,ਪੰਨਾ 843)

**ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੂ ਆਵੈ ਚਿਤਿ**। (ਸਲੋਕ ਮਹਲਾ 5, ਪੰਨਾ 318)।

**ਸਾ ਵੇਲਾ, ਸੋ ਮੁਹਤੁ , ਸਾ ਘੜੀ, ਸੋ ਮੁਹਤੁ ਸਫਲੁ ਹੈ, ਮੇਰੀ ਜਿੰਦੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ। (**ਬਿਹਾਗੜਾ ਮਹਲਾ 4, ਛੰਤ, ਪੰਨਾ 540)॥

**ਸੰਗਰਾਂਦ ਸਬੰਧੀ ਪ੍ਰਚਲਿਤ ਕੁਝ ਵਹਿਮ/ਭਰਮ**



ਸੰਗਰਾਂਦ ਦੇ ਦਿਨ ਕਿਸੇ ਭਲੇ ਬੰਦੇ ਦੇ ਮੱਥੇ ਲਗਣਾ। ਗੁਰਬਾਣੀ ਸਭ ਬੰਦਿਆਂ ਨੂੰ ਬਰਾਬਰ, ਇਕ ਪਰਮਾਤਮਾ ਦੇ ਸਾਜੇ ਹੋਏ ਮੰਨਦੀ ਹੈ: '**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਣ ਭਲੇ ਕਉਣ ਮੰਦੇ'**। ਬੀਬੀਆਂ ਮਹੀਨੇ ਦਾ ਨਾਂ ਪੁਰਸ਼ ਦੇ ਮੂੰਹੋਂ ਸੁਣਨਾ ਸ਼ੁੱਭ ਮੰਨਦੀਆਂ ਹਨ। ਇਹ ਇਸਤਰੀ ਵੱਲੋਂ ਹੀ ਇਸਤਰੀ ਦਾ ਨਿਰਾਦਰ ਹੈ। ਗੁਰਬਾਣੀ ਮਰਦ ਤੇ ਇਸਤਰੀ ਨੂੰ ਬਰਾਬਰ ਸਮਝਦੀ ਹੈ। '**ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ'।** ਗੁਰਦਵਾਰੇ ਵਿੱਚ ਕੇਵਲ ਮਹੀਨੇ ਦਾ ਨਾਂ ਸੁਣਦਿਆਂ ਹੀ ਵਾਹਿਗੁਰੂ ਕਹਿ ਕੇ ਉੱਠ ਖੜ੍ਹਨਾ। ਸਾਰੀ ਬਾਣੀ ਹੀ ਅਕਾਲ ਪੁਰਖ ਦੀ ਸਿਫਤੁ ਸਲਾਹ ਹੋਣ ਕਰਕੇ ਮਹੱਤਵਪੂਰਨ ਹੈ। ਸਾਰਾ ਸ਼ਬਦ ਹੀ ਸੁਣ ਕੇ ਮਨ ਵਿੱਚ ਵਸਾਉਣਾਂ ਹੈ। ਸੰਗਰਾਂਦ ਵਾਲੇ ਦਿਨ ਪਰਦੇਸ ਨਹੀਂ ਜਾਣਾ, ਹੱਥੋਂ ਮਾਇਆ ਨਾ ਖਰਚਣਾ। ਜੇ ਕੋਈ ਮਾੜੀ ਘਟਨਾ ਮਹੀਨੇ ਦੇ ਪਹਿਲੇ ਦਿਨ ਵਾਪਰੇ ਤਾਂ ਇਹ ਵਹਿਮ ਕਰਨਾ ਕਿ ਸਾਰਾ ਮਹੀਨਾ ਹੀ ਅਸ਼ੁੱਭ ਹੈ। ਸਾਨੂੰ ਵਹਿਮ ਭਰਮ ਤਿਆਗ ਕੇ ਗੁਰ ਉਪਦੇਸ਼ ਨੂੰ ਜੀਵਨ ਦਾ ਆਧਾਰ ਬਣਾਉਣਾਂ ਚਾਹੀਦਾ ਹੈ। ਮਹੂਰਤ ਆਦਿ ਤੋਂ ਮੁਕਤ ਹੋ ਕੇ ਪ੍ਰਭੂ ਦਾ ਹੁਕਮ ਮੰਨਣਾ ਚਾਹੀਦਾ ਹੈ।

**ਪੂਛਤ ਨ ਜੋਤਿਕ ਔਰ ਵੇਦ ਥਿਤਿ ਵਾਰ ਕਛੁ ਗ੍ਰਹ ਔਰ ਨਛੱਤਰ ਕੀ ਨ ਸ਼ੰਕਾ ਉਰਧਾਰੀ ਹੈ।**(ਭਾਈ ਗੁਰਦਾਸ ਜੀ)।

**ਏਕ ਭਰੋਸਾ ਪ੍ਰਭ ਕਾ ਪਾਏ ਤਯਾਗਿ ਲਗਨ ਅਰਦਾਸਿ ਕਰਾਏ**।(ਗੁਰਬਿਲਾਸ ਪਾ. 6 ,ਅਧਿਆਇ 5, ਪੰਨਾ 211)।

# ਖਾਲਸਾ-ਏਡ : ਸੇਵਾ ਦਾ ਮਹਾਂ ਕੁੰਭ

ਕਰਨਲ (ਸੇਵਾ-ਮੁਕਤ) ਡਾ: ਦਲਵਿੰਦਰ ਸਿੰਘ ਗ੍ਰੇਵਾਲ, ਲੁਧਿਆਣਾ (ਭਾਰਤ)

dalvinder45@yahoo.co.in.

ਸੇਵਾ ਤੇ ਸਿਮਰਨ ਸਿੱਖ ਧਰਮ ਦੇ ਮੁੱਖ ਧੁਰੇ ਹਨ। ਜਦ ਤੁਸੀਂ ਵਾਹਿਗੁਰੂ ਦਾ ਨਾਮ ਜਪਦੇ ਸੇਵਾ ਵਿੱਚ ਜੁਟੇ ਸਿੱਖ ਨੂੰ ਵੇਖਦੇ ਹੋ ਤਾਂ ਤੁਹਾਡਾ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ਜਦ ਕੋਈ ਸਿੱਖ ਸੰਸਥਾ ਹੀ ਅਜਿਹੀ ਹੋਵੇ ਜੋ ਸੇਵਾ ਸਿਮਰਨ ਵਿੱਚ ਹਮੇਸ਼ਾ ਜੁਟੀ ਰਿੰਹੰਦੀ ਹੋਵੇ ਤਾਂ ਉਸ ਅਗੇ ਤਾਂ ਆਪਾ ਵਾਰਨ ਨੂੰ ਹੀ ਜੀ ਕਰਦਾ ਹੈ। ਇਹ ਸੰਸਥਾਗਤ ਗੁਣ ਜਦ ਖਾਲਸਾ ਏਡ ਨਾਮ ਦੀ ਸੰਸਥਾ ਵਿਚ ਮੈਂ ਦੇਖੇ ਸੁਣੇ ਤਾਂ ਉਨ੍ਹਾਂ ਨਾਲ ਜੁੜਣ ਤੋਂ ਰਿਹਾ ਨਾ ਗਿਆ। ਚਾਲੀ ਕੁ ਸਾਲਾਂ ਤੋਂ ਭਾਰਤ ਵਿੱਚ ਖਾਸ ਕਰਕੇ ਮੱਧ ਭਾਰਤ ਵਿੱਚ ਗਰੀਬ ਸਿਕਲੀਗਰ, ਵਣਜਾਰਿਆਂ, ਸਤਨਾਮੀਆਂ ਦੇ ਜੀਵਨ ਸੁਧਾਰਨ ਵੱਲ ਲੱਗਾ ਹੋਇਆ ਹਾਂ। ਇਨ੍ਹਾਂ ਲਈ ਵਡੀ ਮਾਇਕ ਮਦਦ ਦੀ ਲੋੜ ਸੀ ਪਰ ਮਦਦਗਾਰ ਨਹੀਂ ਸਨ ਮਿਲ ਰਹੇ। ਪਰ ਉਦੋਂ ਹੈਰਾਨੀ ਹੋਈ ਜਦੋਂ ਰਵੀ ਸਿੰਘ ਦੀ ਅਗਵਾਈ ਹੇਠ ਖਾਲਸਾ ਏਡ ਨੇ ਆ ਕੇ ਬਾਂਹ ਫੜੀ ਤੇ ਮਾਇਕ ਮਦਦ ਰਾਹੀਂ ਇਨ੍ਹਾਂ ਸਿੱਖ ਕਬੀਲਿਆਂ ਲਈ ਘਰ, ਸਕੂਲ ਅਤੇ ਹੋਰ ਮਾਇਕ ਮਦਦ ਦੇ ਦਿਤੀ।

ਮੇਰੀ 'ਭੁੱਲੇ ਵਿਸਰੇ ਸਿੱਖ ਕਬੀਲੇ' ਕਿਤਾਬ (ਪੰਜਾਬੀ ਤੇ ਅੰਗ੍ਰੇਜ਼ੀ ਵਿੱਚ) ਵੱਡੀ ਮਾਤਰਾ ਵਿੱਚ ਵੰਡ ਕੇ ਲੋਕਾਂ ਵਿੱਚ ਇਨ੍ਹਾਂ ਕਬੀਲਿਆਂ ਦੇ ਅਧੋਗਤੀ ਵਿੱਚਲੇ ਜੀਵਨ ਬਾਰੇ ਵੱਡੀ ਜਾਗ੍ਰਿਤੀ ਪੈਦਾ ਕੀਤੀ। ਇਹ ਸੰਸਥਾ ਇਨ੍ਹਾਂ ਕਬੀਲਿਆ ਦੀ ਹੁਣ ਤੱਕ ਵੀ ਲਗਾਤਾਰ ਮਦਦ ਕਰਦੀ ਆ ਰਹੀ ਹੈ। ਫਿਰ ਜਦ ਇਸੇ ਸੰਸਥਾ ਨੂੰ ਕਿਸਾਨਾਂ ਦੇ ਦਿੱਲੀ ਮੋਰਚੇ ਵੇਲੇ ਰੋਜ਼ ਲੱਖਾਂ ਦੀ ਗਿਣਤੀ ਵਿੱਚ ਪਹੁੰਚਦੇ ਕਿਸਾਨਾਂ ਲਈ ਸਾਲ ਤੋਂ ਉੱਪਰ ਖਾਣੇ-ਦਾਣੇ ਤੇ ਰਹਿਣ ਸਹਿਣ ਦਾ ਪ੍ਰਬੰਧ ਕਰਦੇ ਵੇਖਿਆ ਤਾਂ ਧੰਨ ਧੰਨ ਹੋ ਗਈ। ਇਸ ਸੰਸਥਾ ਵਿੱਚ ਉਦੋਂ ਮੈਨੂੰ ਵੀ ਪਾਏ ਅਪਣੇ ਨਗੂਣੇ ਯੋਗਦਾਨ ਲਈ ਜਦ ਇਨ੍ਹਾਂ ਨੇ ਮੈਡਲ ਪ੍ਰਦਾਨ ਕਰ ਦਿਤਾ ਤਾਂ ਮੇਰਾ ਸਿਰ ਸ਼ਰਧਾ ਨਾਲ ਝੁਕਿਆ ਤੇ ਮਾਣ ਸਿਰ ਵੀ ਉੱਚਾ ਹੋ ਗਿਆ ਕਿਉਂਕਿ ਇਸ ਨੂੰ ਸਰਕਾਰਾਂ ਅਤੇ ਹੋਰ ਸੰਸਥਾਵਾਂ ਤੋਂ ਮਿਲੇ ਵੱਡੇ ਸਨਮਾਨਾਂ ਤੋਂ ਉਪਰ ਜਾਣਿਆ ਤੇ ਛਾਤੀ ਨਾਲ ਲਾ ਲਿਆ।



ਇਸ ਤੋਂ ਪਹਿਲਾਂ ਜਦ ਜ਼ਿਲੇ ਮਾਣਸਾਂ ਦੇ ਪਿੰਡ ਕੋਟ ਧਰਮੂ ਵਿੱਚ ਨਕਲੀ ਬੀਜਾਂ, ਖਾਦਾਂ ਤੇ ਸੇਮ ਕਰਕੇ ਸਾਰੇ ਇਲਾਕੇ ਦੀਆਂ ਫਸਲਾਂ ਲਗਾਤਾਰ ਨਸ਼ਟ ਹੁੰਦੀਆਂ ਰਹੀਆਂ ਤੇ ਭੁਖ-ਦੁੱਖ ਤੇ ਕਰਜ਼ੇ ਦੀ ਮਾਰ ਥੱਲੇ 70 ਤੋਂ ਉੱਪਰ ਕਿਸਾਨਾਂ ਦੀਆਂ ਖੁਦਕਸ਼ੀ ਦੀਆਂ ਖਬਰਾਂ ਵਿਸ਼ਵ ਭਰ ਵਿੱਚ ਫੈਲੀਆਂ ਤੇ ਵਿਉਪਾਰੀ ਮੀਡੀਆਂ ਨੇ ਮਸਾਲੇ ਲਾ ਲਾ ਕੇ ਉਭਾਰੀਆਂ ਪਰ ਮਦਦ ਕਿਸੇ ਨਾ ਕੀਤੀ ਤਾਂ ਏਥੇ ਵੀ ਖਾਲਸਾ ਏਡ ਵਾਲੇ ਪਹੁੰਚ ਗਏ ਅਤੇ ਆਪਣੇ ਪ੍ਰੋਜੈਕਟ ਰਾਹੀਂ ਲੋੜਵੰਦਾਂ ਲਈ 50 ਤੋਂ ਉੱਪਰ ਘਰ, 35-ਕੁ ਮੱਝਾਂ ਨਾਲ ਸਾਮੂਹਿਕ ਡੇਅਰੀ ਫਾਰਮ ਅਤੇ ਸਿਲਾਈ ਸਿਖਲਾਈ ਕੇਂਦਰ ਸਥਾਪਿਤ ਕੀਤਾ ਤਾਂ ਕਿ ਵਿਧਵਾ ਹੋਈਆਂ ਜ਼ਨਾਨੀਆਂ ਨੂੰ ਰੋਜ਼ਗਾਰ ਮਿਲ ਸਕੇ।

ਇਹ ਸੰਸਥਾ ਭਾਰਤ ਹੀ ਨਹੀਂ ਸਗੋਂ ਸਾਰੇ ਵਿਸ਼ਵ ਵਿੱਚ ਜਿੱਥੇ ਵੀ ਕਿਸੇ ਕੌਮ ਦੇ ਲੋਕਾਂ ਉਤੇ ਕੋਈ ਬਿਪਤਾ ਆਉਂਦੀ ਹੈ ਤਾਂ ਸੇਵਾ ਦਾ ਸਾਮਾਨ ਲੈ ਕੇ ਪਹੁੰਚ ਜਾਂਦੀ ਹੈ। ਜਦ ਬਰ੍ਹਮਾ ਦੇ ਰੋਹਿੰਗੀਆ ਲੋਕਾਂ ਉਤੇ ਅਤਿਆਚਾਰ ਹੋਏ ਤੇ ਉਹ ਬੇਜ਼ਾਰ ਭੁੱਖੇ ਭਾਣੇ ਰੋਹਿੰਗੀਆ ਬੰਗਲਾਦੇਸ਼ ਦੀਆਂ ਹੱਦਾਂ ਉਤੇ ਤੜਪਣ ਲੱਗੇ ਤਾਂ ਖਾਲਸਾ ਏਡ ਦੇ ਸਰਦਾਰ ਹਰਪ੍ਰੀਤ ਸਿੰਘ ਅਪਣੇ ਸੇਵਕ ਸਿੱਖਾਂ ਦੀ ਫੌਜ ਲੈ ਕੇ ਪਹੁੰਚ ਗਏ ਅਤੇ ਸੇਵਾ ਰਾਹੀਂ ਨਾਮਣਾ ਖੱਟਿਆ।

ਇਸੇ ਤਰ੍ਹਾਂ ਇਹ ਸੰਸਥਾ ਰੂਸ-ਯੁਕਰੇਨ ਯੁੱਧ ਵਿੱਚ ਪੀੜਿਤਾਂ ਲਈ ਖੁਰਾਕ ਤੇ ਜ਼ਖਮੀਆਂ ਦੇ ਇਲਾਜ ਲਈ ਦਵਾਈਆਂ ਵੀ ਮੁਹੱਈਆ ਵੀ ਕਰਵਾ ਰਹੀ ਹੈ। ਯੁਕਰੇਨ ਪੜ੍ਹਣ ਆਏ ਵਿਦਿਆਰਥੀਆਂ ਨੂੰ ਯੁੱਧ ਖੇਤਰ ਵਿੱਚੋਂ ਸੁਰੱਖਿਅਤ ਨਿਕਲਣ ਲਈ ਵੀ ਮਦਦ ਦੇ ਰਹੀ ਹੈ।



ਸੰਨ 1999 ਵਿੱਚ ਸਥਾਪਿਤ ਇਸ ਅੰਤਰਰਾਸ਼ਟਰੀ ਗੈਰ ਸਰਕਾਰੀ ਸੰਸਥਾ ਨੂੰ ਇਸ ਲਗਾਤਾਰ ਮਾਨਵੀ ਸੇਵਾ ਵੱਲ ਲੱਗਿਆਂ ਚਾਰ ਅਪ੍ਰੈਲ ਨੂੰ 23 ਵਰ੍ਹੇ ਹੋ ਗਏ ਹਨ ਜੋ ਯੂ ਕੇ ਤੋਂ ਸ: ਰਵੀ ਸਿੰਘ ਹੋਰਾਂ ਦੀ ਰਹਿਨੁਮਾਈ ਵਿੱਚ ਵਧੀ ਫੁੱਲੀ ਤੇ ਵਿਸ਼ਵ ਭਰ ਵਿੱਚ ਕੁਦਰਤੀ ਅਤੇ ਮਾਨਵੀ ਆਫਤਾਂ ਦੇ ਮਾਰੇ ਪੀੜਤਾਂ ਦੀ ਸਹਾਇਤਾ ਕਰਦੀ ਆ ਰਹੀ ਹੈ। ਸੰਨ 2015 ਵਿੱਚ ਜੰਗ ਪ੍ਰਭਾਵਿਤ ਸੀਰੀਆ ਵਿੱਚ, ਸੰਨ 2016 ਵਿਚ ਲੰਡਨ ਦੇ ਹੜ੍ਹਾਂ ਵਿੱਚ, 2017 ਵਿੱਚ ਮਿਆਂਮਾਰ-ਬੰਗਲਾ ਦੇਸ਼ ਦੇ ਰੋਹਿੰਗੀਆ ਵਿੱਚ, 2018 ਵਿਚ ਕੇਰਲ ਵਿੱਚ ਆਏ ਭਿਆਨਕ ਹੜ੍ਹਾਂ ਵਿੱਚ, 2019 ਤੋਂ 2021 ਤੱਕ ਕੋਵਿਡ ਦੇ ਸ਼ਿਕਾਰ ਲੋਕਾਂ ਵਿੱਚ, 2020-2021 ਵਿੱਚ ਕਿਸਾਨਾਂ ਦੇ ਦਿੱਲੀ ਮੋਰਚੇ ਵਿੱਚ, 2022 ਦੇ ਰੂਸ-ਯੁਕਰੇਨ ਦੇ ਯੁਧ ਦੇ ਸ਼ਰਨਾਥੀਆਂ ਵਿਚ ਇਨ੍ਹਾਂ ਨਿਸ਼ਕਾਮ ਸੇਵਾ ਕੀਤੀ ਹੈ ਅਤੇ ਕਰ ਰਹੇ ਹਨ।




ਹਰ ਥਾਂ ਹਰ ਸਾਲ ਇਹ ਸੰਸਥਾ ਕਿਸੇ ਨਾ ਕਿਸੇ ਲੋਕ ਸੇਵਾ ਪ੍ਰਾਜੈਕਟ ਵਿੱਚ ਲੱਗੀ ਹੁੰਦੀ ਹੈ ਜਿਸ ਕਰਕੇ ਦੋ ਕਨੇਡੀਅਨ ਮੈਂਬਰ ਪਾਰਲੀਮੈਂਟ ਟਿਮ ਉਪਲ ਅਤੇ ਪ੍ਰਭਮੀਤ ਸਿੰਘ ਸਰਕਾਰੀਆ ਅਤੇ ਬ੍ਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਦੁਆਰਾ ਮਾਨਵਵਾਦੀ ਕਾਰਜਾਂ ਲਈ ਨੋਬਲ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆਂ ਹੈ। ਪਰ ਇਹ ਸੰਸਥਾ ਇਨਾਮਾਂ ਤੋਂ ਕਿਤੇ ਉੱਤੇ ਹੈ ਤੇ ਭਾਈ ਘਨੱਈਆ ਵਾਂਗ ਆਪਣੇ ਸੇਵਾ ਕਾਰਜ ਵਿੱਚ ਲਗਾਤਾਰ ਮਗਨ ਹੈ। ਵਾਹਿਗੁਰੂ ਸਰਦਾਰ ਰਵੀ ਸਿੰਘ ਤੇ ਉਸਦੇ ਇਸ ਜੱਥੇ ਨੂੰ ਹਿੰਮਤ ਬਖਸ਼ੀ ਰੱਖੇ ਤੇ ਉਮਰ ਲੰਬੇਰੀ ਕਰੇ ਤਾਂ ਕਿ ਇਹ ਸਮਾਜ ਸੇਵਾ ਵਿਚ ਜੁਟੇ ਰਹਿਣ।

## ਦੇਸ਼ਭਗਤ ਸਰਦਾਰ ਅਜੀਤ ਸਿੰਘ

## (ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਜੀ)

ਸਰਦਾਰ ਅਜੀਤ ਸਿੰਘ ਦਾ ਜਨਮ 23 ਫਰਵਰੀ 1881 ਨੂੰ ਖਟਕੜ ਕਲਾਂ ਵਿਚ ਹੋਇਆ ਸੀ। ਉਨ੍ਹਾਂ ਨੇ ਅੰਗਰੇਜ਼ਾਂ ਦੁਆਰਾ ਵੰਡ ਤੋਂ ਪਹਿਲਾਂ ਦੇ ਪੰਜਾਬ ਵਿੱਚ ਬਣਾਏ ਕਿਸਾਨਾਂ ਬਾਰੇ ਕਾਨੂੰਨਾਂ ਦਾ ਵਿਰੋਧ ਕੀਤਾ ਅਤੇ 1907 ਵਿੱਚ "ਪਗੜੀ ਸੰਭਾਲ ਜੱਟਾ" ਅੰਦੋਲਨ ਦੀ ਅਗਵਾਈ ਕੀਤੀ। ਸਰਦਾਰ ਅਜੀਤ ਸਿੰਘ ਸ਼ਹੀਦ ਭਗਤ ਸਿੰਘ ਦੇ ਚਾਚਾ ਸਨ। ਬ੍ਰਿਟਿਸ਼ ਸਰਕਾਰ ਨੇ ਲੈਂਡ ਕਲੋਨਾਈਜ਼ੇਸ਼ਨ ਬਿੱਲ ਲਿਆਂਦਾ ਸੀ, ਜਿਸ ਵਿੱਚ ਕਿਸਾਨਾਂ ਦੀ ਜ਼ਮੀਨ ਨੂੰ ਜ਼ਬਤ ਕਰਨ ਦੀ ਧਮਕੀ ਦਿੱਤੀ ਗਈ ਸੀ। ਬਾਰੀ ਦੁਆਬ ਕੈਨਾਲ ਐਕਟ ਦੁਆਰਾ ਪਾਣੀ ਦੀਆਂ ਦਰਾਂ ਅਤੇ ਮਾਲੀਆ ਦਰਾਂ ਵਿੱਚ 25 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਸੀ।

ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਗਈਆਂ। ਲਾਇਲਪੁਰ ਵਿਖੇ ਹੋਈ ਮੀਟਿੰਗ ਦੌਰਾਨ ਲਾਲਾ ਬਾਂਕੇ ਦਿਆਲ, ਸੰਪਾਦਕ "ਝੰਗ ਸਿਆਲ", ਨੇ ਆਪਣੀ ਕਵਿਤਾ ਪਗੜੀ ਸੰਭਾਲ ਜੱਟਾ ਸੁਣਾਈ। ਇਸ ਲਈ ਅੰਦੋਲਨ ਨੂੰ ਪਗੜੀ ਸੰਭਾਲ ਜੱਟਾ ਅੰਦੋਲਨ ਕਿਹਾ ਗਿਆ। ਸਰਦਾਰ ਅਜੀਤ ਸਿੰਘ ਨੂੰ ਰਾਵਲਪਿੰਡੀ ਵਿਖੇ ਦਿੱਤੇ ਗਏ ਉਸਦੇ ਭਾਸ਼ਣਾਂ ਕਾਰਣ ਬ੍ਰਿਟਿਸ਼ ਅਧਿਕਾਰੀਆਂ ਦੁਆਰਾ "ਦੇਸ਼ਧ੍ਰੋਹੀ" ਦੱਸਿਆ ਗਿਆ ਅਤੇ ਉਸਦੇ ਵਿਰੁੱਧ ਕੇਸ ਦਰਜ ਕੀਤਾ ਗਿਆ। ਅੰਦੋਲਨ ਨੇ ਅੰਗਰੇਜ਼ਾਂ ਨੂੰ ਇਹ ਕਾਨੂੰਨ ਰੱਦ ਕਰਨ ਲਈ ਮਜਬੂਰ ਕਰ ਦਿੱਤਾ। ਪਰ ਲਾਲਾ ਲਾਜਪਤ ਰਾਏ ਅਤੇ ਸਰਦਾਰ ਅਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋਵਾਂ ਨੇ ਛੇ ਮਹੀਨੇ ਬਰਮਾ ਦੀ ਮਾਂਡਲੇ ਜੇਲ੍ਹ ਵਿੱਚ ਬਿਤਾਏ।




ਸਰਦਾਰ ਅਜੀਤ ਸਿੰਘ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਜਲਾਵਤਨੀ ਵਿਚ ਬਿਤਾਇਆ। ਇਟਲੀ ਵਿਚ, ਨੇਤਾਜੀ ਸੁਭਾਸ਼ ਚੰਦਰ ਬੋਸ ਨੇ 11,000 ਫੌਜੀਆਂ ਦਾ ਆਜ਼ਾਦ ਹਿੰਦ ਲਸ਼ਕਰ ਬਣਾਇਆ। ਸਵਿਟਜ਼ਰਲੈਂਡ ਵਿੱਚ ਉਨ੍ਹਾਂ ਨੇ ਲਾਲਾ ਹਰਦਿਆਲ ਅਤੇ ਹੋਰਨਾ ਨਾਲ ਗੱਲਬਾਤ ਕੀਤੀ। ਉਹ ਲੈਨਿਨ, ਟਰਾਟਸਕੀ ਅਤੇ ਮੁਸੋਲਿਨੀ ਨੂੰ ਵੀ ਮਿਲੇ। ਸਰਦਾਰ ਅਜੀਤ ਸਿੰਘ ਲੰਡਨ ਵਿਚ ਦੋ ਮਹੀਨੇ ਬਿਤਾਉਣ ਤੋਂ ਬਾਅਦ ਮਾਰਚ 1947 ਨੂੰ ਭਾਰਤ ਪਰਤੇ। ਸਿਹਤ ਵਿਗੜਨ ਤੋਂ ਬਾਅਦ ਉਨ੍ਹਾਂ ਨੇ ਜੁਲਾਈ 1947 ਵਿੱਚ ਡਲਹੌਜ਼ੀ ਵਿੱਚ ਸਮਾਂ ਬਿਤਾਉਣ ਦਾ ਫੈਸਲਾ ਕੀਤਾ। ਭਾਰਤ ਦੇ ਸੁਤੰਤਰਤਾ ਦਿਵਸ 15 ਅਗਸਤ 1947 ਨੂੰ ਤੜਕੇ ਇਸ ਮਹਾਨ ਨੇਤਾ ਨੇ ਆਖਰੀ ਸਾਹ ਲਿਆ ਜੋ ਭਾਰਤ ਦੀ ਆਜ਼ਾਦੀ ਲਈ ਲੜਦੇ ਹੋਏ 38 ਸਾਲਾਂ ਤੱਕ ਜਲਾਵਤਨੀ ਵਿੱਚ ਰਹੇ ਸਨ।

**(ਡਾ. ਸੁਰਜੀਤ ਸਿੰਘ ਭੱਟੀ)**

## ਸਾਨੂੰ ਇਨ੍ਹਾਂ ਤੇ ਮਾਣ ਹੈ

ਬਠਿੰਡਾ ਦੇ ਸ੍ਰ. ਮਨਕੀਰਤ ਸਿੰਘ, ਸੋਨੇ ਦੀ ਸਿਆਹੀ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਰਹੇ ਹਨ।






VIDEO-2022-05-01-04-03-56 (1).mp4

ਸਰਦਾਰਨੀ ਰੀਨਤ ਕੌਰ ਨੀਦਰਲੈਂਡ ਵਿਚ ਭਾਰਤ ਦੇ ਨਵੇਂ ਰਾਜਦੂਤ ਆਪਣਾ ਅਹੁਦਾ ਸੰਭਾਲਣ ਜਾਂਦਿਆਂ ਹੋਇਆਂ। (ਉਨ੍ਹਾਂ ਦੇ ਪਤੀ ਸਰਦਾਰ ਤਰਨਜੀਤ ਸਿੰਘ, ਅਮਰੀਕਾ ਵਿਚ ਭਾਰਤ ਦੇ ਰਾਜਦੂਤ, ਨਾਲ ਹਨ)

## ਸਾਨੂੰ ਇਨ੍ਹਾਂ ਤੇ ਮਾਣ ਹੈ




William Osler Health Foundation, Brampton (Canada)
ਨੂੰ ਸਰਦਾਰ ਬਿਕਰਮ ਸਿੰਘ ਢਿੱਲੋਂ BVD Petroleum (Canada) ਦੇ ਮਾਲਕ ਵਲੋਂ ਇੱਕ ਕਰੋੜ ਡਾਲਰ ਦਾ ਦਾਨ ਦਿਤਾ ਗਿਆ। ਇਥੇ ਪਹਿਲੇ "ਗੁਰੂ ਨਾਨਕ ਐਮਰਜੈਂਸੀ ਵਾਰਡ" ਹੈ ਜਿਸ ਦਾ ਸਾਰਾ ਖਰਚਾ ਸਿੱਖ ਭਾਈਚਾਰੇ ਨੇ ਕੀਤਾ ਸੀ।



## ਰਹਿਣ ਵਾਸਤੇ ਦੁਨੀਆਂ ਦੇ ਦਸ ਸਭ ਤੋਂ ਵਧੀਆ ਤਿੰਨ ਸ਼ਹਿਰ ਕੈਨੇਡਾ ਵਿਚ ਹਨ

**ਇਕੌਨੋਮਿਕ ਟਾਈਮਸ** ਨੇ ਇਸ ਸਾਲ ਦੁਨੀਆਂ ਦੇ 172 ਸਭ ਤੋਂ ਵਧੀਆ ਰਹਿਣ ਯੋਗ ਸ਼ਹਿਰਾਂ ਦੀ ਰੈਂਕਿੰਗ ਕੀਤੀ ਹੈ। ਵਿਏਨਾ (ਆਸਟਰੀਆ) ਨੇ ਸਭ ਤੋਂ ਚੋਟੀ ਦਾ ਸਥਾਨ ਹਾਸਲ ਕੀਤਾ ਅਤੇ ਕੋਪਨਹੇਗਨ (ਡੈਨਮਾਰਕ) ਦੂਜੇ ਸਥਾਨ 'ਤੇ ਰਿਹਾ। ਪਹਿਲੇ ਦਸਾਂ ਵਿਚ ਕੈਨੇਡਾ ਦੇ ਤਿੰਨ ਸ਼ਹਿਰਾਂ ਦੇ ਨਾਂ ਸ਼ਾਮਲ ਹਨ। **ਕੈਲਗਰੀ** ਨੂੰ ਦੁਨੀਆ ਦਾ ਤੀਜਾ ਵੱਧ ਰਹਿਣ ਯੋਗ ਸ਼ਹਿਰ ਦੱਸਿਆ ਗਿਆ ਹੈ ਅਤੇ ਇਸ ਨੇ ਤੀਜੇ ਸਥਾਨ ਲਈ ਜ਼ਿਊਰਿਖ (ਸਵਿਟਜ਼ਰਲੈਂਡ) ਨਾਲ ਟਾਈ ਕੀਤਾ। ਇਸ ਨੂੰ 2024 ਦੀਆਂ ਸਪੈਸ਼ਲ ਸਰਦੀਆਂ ਦੀਆਂ ਖੇਡਾਂ ਕਰਵਾਣ ਲਈ ਵੀ ਚੁਣਿਆ ਗਿਆ ਹੈ। ਵੈਨਕੂਵਰ ਪੰਜਵੇਂ ਅਤੇ ਟੋਰੰਟੋ ਅਠਵੇਂ ਨੰਬਰ ਤੇ ਰਹੇ। ਦਸਵੇਂ ਸਥਾਨ ਤੇ ਮੈਲਬੋਰਨ (ਆਸਟਰੇਲੀਆ) ਰਿਹਾ।

ਸਮੁੱਚੇ ਸਕੋਰ 96.3 % ਦੇ ਨਾਲ, ਵੱਖੋ-ਵੱਖ ਸ਼੍ਰੇਣੀਆਂ ਵਿੱਚ ਕੈਲਗਰੀ ਦੀ ਕਾਰਗੁਜ਼ਾਰੀ ਇਸ ਤਰਾਂ ਹੈ।• ਸਥਿਰਤਾ: 95 % • ਸਿਹਤ ਸੰਭਾਲ: 100 % • ਸੱਭਿਆਚਾਰ ਅਤੇ ਵਾਤਾਵਰਣ: 90 % • ਸਿੱਖਿਆ: 100 % • ਬੁਨਿਆਦੀ ਢਾਂਚਾ: 100 % ਵਧੀਆ ਦੇਖੇ ਗਏ। ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਕੋਵਿਡ-19 ਦੌਰਾਨ ਲੋਕਾਂ ਨੂੰ ਵਧੀਆ ਰਾਹਤ ਦੇਣ ਕਾਰਨ ਪਿਛਲੇ ਸਾਲ ਤੋਂ ਕੈਲਗਰੀ ਦੇ ਅੰਕਾਂ ਵਿੱਚ ਵਾਧਾ ਹੋਇਆ।

## **ਗੁਰਦੀਸ਼ ਕੌਰ ਗਰੇਵਾਲ** ਦੀਆਂ ਦੋ ਨਵੀਆਂ ਕਿਤਾਬਾਂ ਰਿਲੀਜ਼ ਹੋਈਆਂ




ਪ੍ਰਸਿੱਧ ਪੰਜਾਬੀ ਲੇਖਿਕਾ, ਕਵਿੱਤ੍ਰੀ ਅਤੇ ਆਲੋਚਕ, **ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** ਦੀਆਂ ਨਵੀਆਂ ਛਪੀਆਂ ਦੋ ਕਿਤਾਬਾਂ ਦਾ ਲੋਕ-ਅਰਪਣ '**ਕੈਲਗਰੀ ਵੂਮੈਨ ਕਲਚਰਲ ਐਸੋਸਿਏਸ਼ਨ**' ਵਲੋਂ ਇੱਕ ਵਿਸ਼ੇਸ਼ ਸਮਾਗਮ ਦੌਰਾਨ 16 ਜੁਲਾਈ 2022 ਨੂੰ ਕਰਵਾਇਆ ਗਿਆ। ਇੱਕ ਕਿਤਾਬ "**ਸਾਹਾਂ ਦੀ ਸਰਗਮ**" ਉਨ੍ਹਾਂ ਦਾ ਨਵਾਂ ਗਜ਼ਲ-ਸੰਗ੍ਰਹਿ ਹੈ ਅਤੇ ਦੂਜੀ "**ਖੁਸ਼ੀਆਂ ਦੀ ਖੁਸ਼ਬੋਈ**" ਨਿਬੰਧ-ਸੰਗ੍ਰਹਿ ਹੈ। ਇਸ ਤੋਂ ਪਹਿਲੇ ਉਨ੍ਹਾਂ ਦੀਆਂ ਪੰਜ ਕਿਤਾਬਾਂ ਛਪ ਚੁਕੀਆਂ ਹਨ ਜੋ ਪਾਠਕਾਂ ਨੇ ਬਹੁਤ ਪਸੰਦ ਕੀਤੀਆਂ ਸਨ। ਇਸ ਮੌਕੇ ਕਈ ਸਾਹਿਤਕ ਸਭਾਵਾਂ ਦੇ ਨਾਮਵਰ ਪ੍ਰਤੀਨਿਧੀ ਸ਼ਾਮਲ ਹੋਏ ਅਤੇ ਇਨ੍ਹਾਂ ਕਿਤਾਬਾਂ ਬਾਰੇ ਪਰਚੇ ਪੜ੍ਹੇ ਗਏ।

## ਗੁਰਦੁਆਰਾ, ਗੁਰਮਤਿ ਦੀ ਧਰਮਸ਼ਾਲਾ ਕਿਵੇਂ ਬਣੇ? *ਭਾਗ 1: ਸੰਕਲਪ ਤੇ ਸੰਸਥਾ*

ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਕਈ ਗੁਰਦੁਆਰਿਆਂ ਤੇ ਹੋਰ ਸਬੰਧਤ ਸੰਸਥਾਵਾਂ ਵਿੱਚ ਸਿੱਖੀ ਦੇ ਸੁਨਹਿਰੀ ਅਸੂਲਾਂ ਵਿਰੁਧ ਹੋ ਰਹੇ ਮਨਮਤੀ ਕਾਰ-ਵਿਹਾਰ ਸਿੱਖ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ। ਇਨ੍ਹਾਂ ਚਿੰਤਾਵਾਂ ਨੂੰ ਧਿਆਨ ਵਿਚ ਰੱਖ ਕੇ ਇਹ ਲੇਖ-ਲੜੀ (ਕੁਝ ਵਿਸ਼ੇ: ਗੁਰਦੁਆਰਾ ਸੰਕਲਪ ਤੇ ਸੰਸਥਾ, ਵਰਤਮਾਨ ਸਥਿਤੀ ਤੇ ਨਿਘਾਰ ਦੇ ਕਾਰਨ, ਆਮ ਜੀਵਨ ਵਿਚੋਂ ਵਿਚਾਰ, ਅਤੇ ਸੁਧਾਰ ਲਈ ਕੁਝ ਸੁਝਾ) ਪੇਸ਼ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਹੇ ਹਾਂ।

### ਗੁਰਦੁਆਰਾ ਸੰਕਲਪ (Concept)

ਭਾਈ ਕਾਹਨ ਸਿੰਘ ਨਾਭਾ ਰਚਿਤ "*ਮਹਾਨ ਕੋਸ਼*" ਅਨੁਸਾਰ ਗੁਰਦੁਆਰਾ ਸਿਖਿਆ, ਗਿਆਨ-ਉਪਦੇਸ਼, ਸ਼ਫਾਖਾਨਾ, ਅੰਨਪੂਰਨਾ/ਲੰਗਰ, ਪੱਤ ਰੱਖਣ ਲਈ ਲੋਹਮਈ ਦੁਰਗ, ਅਤੇ ਵਿਸ਼੍ਰਾਮ-ਅਸਥਾਨ ਦਾ ਸੁਮੇਲ ਹੈ। ਇਹ ਨਿਰਗੁਣ ਤੇ ਸਰਗੁਣ ਦਾ ਸੰਗਮ ਹੈ ਜਿਥੋਂ ਜੀਵਨ-ਜਾਚ ਤੇ ਜਨਮ ਸਵਾਰਨ ਦੀ ਸੋਝੀ ਮਿਲਦੀ ਹੈ। ਗੁਰਮਤਿ ਆਪਣੇ ਆਪ ਵਿਚ ਪਰਾਮਤਮਾ ਦੀ ਸੋਝੀ ਦਾ ਮਾਰਗ ਹੈ, ਅਤੇ ਨਿਰਗੁਣ ਜਾਂ ਸਰਗੁਣ ਦੀ ਸਿਰਫ ਪੂਜਾ ਕਰਨ ਨਾਲ ਜੀਵਨ ਸਫ਼ਲ ਨਹੀਂ ਹੋ ਸਕਦਾ।

ਗੁਰਦੁਆਰਾ ਜਾਂ ਧਰਮਸ਼ਾਲ ਗੁਰਮਿਤ ਪੈਦਾ ਕਰਨ ਵਾਲਾ ਇਕ ਵਿਲੱਖਣ ਪਵਿੱਤਰ ਅਸਥਾਨ ਤੇ ਸਮਾਂ ਹੈ, ਸਿੱਖੀ ਦਾ ਨਿਸ਼ਾਨ ਹੈ, ਅਤੇ ਧਰਮ ਦੇ ਪ੍ਰਚਾਰ, ਸਮਾਜਕ ਪ੍ਰੰਪਰਾਵਾਂ ਅਤੇ ਜੀਵਨ ਦਾ ਕੇਂਦਰ ਹੈ। ਗੁਰਦੁਆਰਾ ਇਮਾਰਤ ਨਹੀਂ, ਇਹ ਸਿੱਖੀ ਦਾ ਧੁਰਾ ਹੈ, ਸਿੱਖੀ ਦਾ ਦਿਲ ਹੈ, ਗੁਰੂ-ਮਿਲਾਪ ਦਾ ਰਸਤਾ ਅਤੇ ਜ਼ਰੀਆ ਹੈ। ਸਿਰਫ ਕੰਨ-ਰਸ ਲਈ ਹੋ ਰਹੇ ਸੰਗੀਤ ਜਾਂ ਗੈਰ-ਸਿੱਖੀ ਵਿਚਾਰਾਂ ਨੂੰ ਪ੍ਰਚਲਤ ਜਾਂ ਪ੍ਰਵਾਨ ਕਰਨ ਵਾਲੀ ਥਾਂ ਨੂੰ ਗੁਰਦੁਆਰਾ ਨਹੀਂ ਕਿਹਾ ਜਾ ਸਕਦਾ।

"*ਮਹਾਨ ਕੋਸ਼*" ਵਿਚ 'ਗੁਰਦੁਆਰਾ ਜਾਂ ਗੁਰਦਵਾਰਾ' ਸ਼ਬਦ ਲਈ ਕਈ ਹੋਰ ਨਾਮ ਵੀ ਦਿੱਤੇ ਹਨ, ਜਿਵੇਂ ਗੁਰੂ ਦੀ ਮਾਰਫਤ, ਗੁਰੂ ਦੇ ਜ਼ਰੀਏ, ਗੁਰੂ ਦਾ ਘਰ, ਸਿੱਖਾਂ ਦਾ ਧਰਮ ਮੰਦਿਰ ਜਿਸ ਨੂੰ ਗੁਰੂ ਸਾਹਿਬਾਂ ਨੇ ਧਰਮ ਪ੍ਰਚਾਰਲਈ ਬਣਵਾਇਆ ਤੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ, ਇਤਿਆਦ। ਗੁਰੂ ਨਾਨਕ ਸਾਹਿਬ ਵਲੋਂ ਧਰਮਸ਼ਾਲ, ਗੁਰੂ ਅਰਜਨ ਦੇਵ ਜੀ ਵਲੋਂ ਹਰਿਮੰਦਰ, ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਦੁਆਰਾ ਨਾਮ ਦੀ ਸੰਗਯਾ ਹੋਈ। ਅਜ ਕਲ ਗੁਰਦੁਆਰਾ ਜਾਂ ਗੁਰਦਵਾਰਾ, ਦਰਬਾਰ ਸਾਹਿਬ, ਗੁਰੂ-ਘਰ, ਗੁਰੂ ਦਾ ਦਰ ਜਾਂ ਦਰਵਾਜ਼ਾ, ਗੁਰੂ-ਪਾਤਸ਼ਾਹ ਦਾ ਨਿਵਾਸ ਅਸਥਾਨ, ਸਿੱਖ ਟੈਂਪਲ (**Sikh Temple**), ਆਦਿ ਨਾਮ ਪ੍ਰਚਲਿਤ ਹਨ।

### ਗੁਰਦੁਆਰਾ ਸੰਸਥਾ (Institution)

ਗੁਰੂ ਸਾਹਿਬਾਨ ਵਲੋਂ ਧਾਰਮਿਕ ਤੇ ਸਮਾਜਿਕ ਜੀਵਨ ਦੇ ਸਭ ਪਹਿਲੂਆਂ ਬਾਰੇ ਸੇਧ ਦੇਣ ਤੇ ਲੈਣ ਲਈ ਸਿਧਾਂਤਕ ਤੌਰ ਤੇ ਗੁਰਦੁਆਰਾ ਸੰਸਥਾ ਦੇ ਪੰਜ ਅੰਗ ਸਿਰਜੇ ਗਏ।

**1. ਸੰਗਤ (Congregation)**: ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਹੋਣ ਕਰਕੇ ਗੁਰਦੁਆਰਾ ਸਾਹਿਬ ਵਿਚ ਸੰਗਤ (ਸ਼ਰਧਾਲੂਆਂ/ਜਗਿਆਸੂਆਂ ਦਾ ਇਕੱਠ) ਸਾਧ-ਸੰਗਤ ਦਾ ਰੂਪ ਧਾਰਦੀ ਹੈ। ਇੱਥੇ ਕਥਾ, ਕੀਰਤਨ ਤੇ ਗੁਰਬਾਣੀ ਵਿਆਖਿਆ ਨਾਲ ਹਉਮੈ ਦਾ ਪਰਦਾ ਲਹਿ ਕੇ ਅਕਾਲ ਪੁਰਖ ਨਾਲ ਮਿਲਾਪ ਦਾ ਸਬੱਬ ਬਣਦਾ ਹੈ।

**'ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥'** (ਅੰਗ 71)
**'ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥ ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥'** (ਅੰਗ 613)॥
**'ਲਖ ਸਿਆਣਪ ਜੇ ਕਰੀ ਲਖਸਿਉ ਪ੍ਰੀਤਿਮਿਲਾਪੁ॥ ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥'** (ਅੰਗ 20)॥

ਭਾਈ ਗੁਰਦਾਸ ਜੀ ਰੱਬੀ ਗੁਣਾਂ ਦੇ ਸਮੂਹ ਨੂੰ ਸਾਧ-ਸੰਗਤ ਕਹਿੰਦੇ ਹਨ।(ਵਾਰ 3 ਪਉੜੀ 10 ਪੰਨਾ 6):

**'ਸਾਧ ਸੰਗਤ ਅਸਥਾਨ ਜਗਮਗ ਨੂਰ ਹੈ॥'**

**2. ਲੰਗਰ ਤੇ ਪੰਗਤ (Community Kitchen and Collective Eating):**

ਲੰਗਰ ਸਿੱਖੀ ਦੀ ਮਹਾਨ ਅਤੇ ਅਦੁੱਤੀ ਰਵਾਇਤ ਹੈ।ਪੰਗਤ ਵਿਚ ਮਿਲ ਬੈਠ ਕੇ ਲੰਗਰ ਛਕਣ ਨਾਲ ਊਚ-ਨੀਚ, ਜਾਤ-ਪਾਤ, ਛੂਤ- ਛਾਤ, ਅਮੀਰ-ਗਰੀਬ, ਰਾਜਾ-ਰੰਕ, ਇਸਤਰੀ-ਪੁਰਸ਼, ਬੱਚੇ-ਬੁੱਢੇ, ਆਦਿ ਦੇ ਭੇਦ ਭਾਵ ਤੋਂ ਬਿਨਾਂ ਸਭ ਨੂੰ ਬਰਾਬਰੀ ਮਿਲਦੀ ਹੈ, ਅਤੇ ਹਉਮੈ ਦੀ ਮੈਲ ਦੂਰ ਹੁੰਦੀ ਹੈ।

**'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥'** (ਅੰਗ 97)

ਅਜ ਕਲ ਭੋਜਨ ਦੇ ਨਾਲ ਦਵਾਈਆਂ, ਆਕਸੀਜਨ ਅਤੇ ਹੋਰ ਸਿਹਤ-ਸਹੂਲਤਾਂ, ਪੌਦਿਆਂ ਦੀ ਪਨੀਰੀ, ਕਿਤਾਬਾਂ, ਕੰਬਲ, ਵਸਤਰ, ਆਦਿ ਦੇ 'ਲੰਗਰ' ਵੀ ਪ੍ਰਚਲਤ ਹੋ ਰਹੇ ਹਨ। ਇਹ ਇਕ ਚੰਗਾ ਰੁਝਾਨ ਹੈ।

**3. ਨਿਸ਼ਾਨ ਸਾਹਿਬ (Exalted Ensign)**: ਨਿਸ਼ਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਹੈ। 'ਨੀਸਾਣ' ਦਾ ਸ਼ਬਦੀ ਭਾਵ ਧੌਂਸਾ ਜਾਂ ਨਗਾਰਾ ਹੈ (also landmark or emblem)। ਪੁਰਾਣੀਆਂ ਪੋਥੀਆਂ ਵਿਚ 'ਜਪੁ ਜੀ' ਦੀ ਥਾਂ 'ਜਪ ਨੀਸਾਣ' ਲਿਖਿਆ ਮਿਲਦਾ ਹੈ। ਨਿਸ਼ਾਨ ਸਾਹਿਬ ਨਿਡਰਤਾ, ਨਿਆਂ, ਅਜ਼ਾਦੀ, ਜੋਸ਼, ਦੱਬੇ ਕੁਚਲੇ ਲੋਕਾਂ ਲਈ ਆਸ-ਉਮੀਦ, ਅਤੇ ਦੁਨਿਆਵੀ ਸ਼ਾਨ ਦਾ ਰੂਹਾਨੀ ਪ੍ਰਤੀਕ ਹੈ। ਪ੍ਰੰਤੂ ਇਹ ਪੂਜਾ ਦਾ ਸਮਾਨ (**article of worship**) ਜਾਂ ਸਥਾਨ ਕਦਾਚਿਤ ਨਹੀਂ। ਦੂਰੋਂ ਦਿਖਾਈ ਦੇਣ ਕਰਕੇ ਨਿਸ਼ਾਨ ਸਾਹਿਬ ਗੁਰਦੁਆਰੇ ਦਾ ਸਥਾਨ ਲੱਭਣ ਵਿਚ ਸੌਖ ਅਤੇ ਯਾਤਰੂਆਂ ਲਈ ਸਹੂਲਤਾਂ, ਸੁਰੱਖਿਆ ਅਤੇ ਤਸੱਲੀ ਦੀ ਭਾਵਨਾ ਪੈਦਾ ਕਰਦਾ ਹੈ।

**4. ਸ਼ਫਾਖਾਨਾ (Charitable Health Facility)**: ਸਿੱਖੀ ਵਿੱਚ ਸ਼ਫਾਖਾਨਾ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਸਮੇਂ ਤਰਨਤਾਰਨ ਵਿੱਚ ਸ਼ੁਰੂ ਹੋਈ ਦੱਸੀ ਜਾਂਦੀ ਹੈ। ਗੁਰੂ ਅਰਜਨ ਸਾਹਿਬ ਨੇ ਇਸੇ ਜਗ੍ਹਾ ਗੁਰਦੁਆਰਾ ਤੇ ਸਰੋਵਰ ਬਣਵਾਏ। ਸ਼ਫਾਖਾਨੇ ਵਿੱਚ ਵਾਹਿਗੁਰੂ ਉਤੇ ਭਰੋਸਾ ਰਖ ਕੇ, ਅਤੇ ਡਾਕਟਰ, ਵੈਦ, ਜਾਂ ਹਕੀਮ ਨੂੰ ਜ਼ਰੀਆ ਮੰਨ ਕੇ, ਰੋਗੀ ਦੇ ਇਲਾਜ ਦਾ ਸੰਕਲਪ ਹੈ। ਮਾਣ ਈਸ਼ਵਰ ਦੀ ਕ੍ਰਿਪਾ ਉਪਰ ਤੇ ਧਿਆਨ ਰੋਗੀ ਦੇ ਇਲਾਜ ਵੱਲ ਹੁੰਦਾ ਹੈ। ਵਾਹਿਗੁਰੂ ਉਤੇ ਭਰੋਸੇ ਕਾਰਨ ਘਟ ਖਰਚੇ ਨਾਲ ਵੱਧ ਸਫਲਤਾ ਮਿਲਣ ਦਾ ਸਬੱਬ ਬਣਦਾ ਹੈ, ਅਤੇ ਲੋੜਵੰਦਾਂ ਤੇ ਗਰੀਬਾਂ ਦੀ ਸਹਾਇਤਾ ਹੁੰਦੀ ਹੈ। ਅਜ ਕਲ ਮਹਿੰਗੇ ਇਲਾਜਾਂ ਕਾਰਨ, ਅਤੇ ਕੁਝ ਡਾਕਟਰਾਂ ਅਤੇ ਹਸਪਤਾਲਾਂ ਵਲੋਂ ਗ਼ਲਤ ਤਰੀਕੇ ਵਰਤ ਕੇ ਪੈਸੇ ਕਮਾਉਣ ਦੀਆਂ ਘਟਨਾਵਾਂ ਕਾਰਨ, ਸ਼ਫਾਖਾਨੇ ਦੀ ਲੋੜ ਹੋਰ ਵੀ ਜ਼ਰੂਰੀ ਲਗਦੀ ਹੈ।

**5. ਗੁਰਮਤਿ ਸਿਖਿਆ (The Doctrinal, prescriptive, and directional teachings of Sikh faith and praxis)**:
ਗੁਰਦੁਆਰੇ ਦਾ ਅਸਲ ਨਿਸ਼ਾਨਾ ਅਧਿਆਤਮਕ ਜਗਿਆਸੂਆਂ ਨੂੰ ਗੁਰਬਾਣੀ ਵਿਚ ਸਿੱਖੀ ਜੀਵਨ ਦੇ ਰੱਬੀ ਸਿਧਾਂਤਾਂ, ਨੁਸਖਿਆਂ ਅਤੇ ਸੇਧਾਂ ਬਾਰੇ ਗਿਆਨ ਦੇਣਾ ਹੈ। ਇਨ੍ਹਾਂ ਦੀ ਰੋਜ਼ਾਨਾ ਜੀਵਨ ਵਿਚ ਸੁਚੱਜੀ ਵਰਤੋਂ ਬਾਰੇ ਪ੍ਰਚਾਰ ਰਾਹੀਂ ਹਰ ਦੁਨਿਆਵੀ ਘਰ ਅਤੇ ਪ੍ਰਾਣੀ-ਹਿਰਦੇ ਨੂੰ ਧਰਮਸ਼ਾਲ ਜਾਂ ਗੁਰਦੁਆਰੇ ਸਮਾਨ ਪਵਿਤਰ ਬਣਨ ਦਾ ਮੌਕਾ ਪ੍ਰਦਾਨ ਕਰਨਾ ਹੈ।

**'ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥'** (ਭਾਈ ਗੁਰਦਾਸ ਜੀ, 1-27-6)॥

ਮਨ ਨੂੰ ਸਮਝਾਉਣ ਅਤੇ ਪਵਿਤ੍ਰ ਬਨਾਉਣ ਲਈ ਪਰਮਾਤਮਾ ਦੀ ਮਿਹਰ, ਗਿਆਨ ਤੇ ਵਿਦਿਆ-ਵਿਚਾਰ ਅਤੀ ਜ਼ਰੂਰੀ ਹਨ।

**'ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥'** (ਅੰਗ 67)

**'ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥'** (ਅੰਗ 73)॥

**'ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰ॥'** (ਅੰਗ 300)॥
**'ਨਉ ਦਰਵਾਜੇ ਦਸਵਾ ਦੁਆਰੁ॥ ਬੁਝੁ ਰੇ ਗਿਆਨੀ ਏਹੁ ਬੀਚਾਰ॥ ਕਥਤਾ ਬਕਤਾ ਸੁਨਤਾ ਸੋਈ॥ ਆਪੁ ਬੀਚਾਰੇ ਸੁ ਗਿਆਨੀ ਹੋਈ॥'** (ਅੰਗ 152)॥

**'ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥ '** (ਅੰਗ 418)॥

ਗੁਰੂ ਅਪਵਿਤਰ ਹਿਰਦੇ ਅੰਦਰ ਨਹੀਂ ਵਸ ਸਕਦਾ। ਇਸ ਲਈ ਸੋਝੀ ਪਾਉਣ ਲਈ ਹਉਮੈ ਛਡ ਕੇ ਅਤੇ ਗੁਰੂ ਦੇ ਘਰ ਤੇ ਸਵਾਲੀ ਬਣ ਕੇ ਬਖਸ਼ਿਸ਼ ਦਾ ਪਾਤਰ **(deserving candidate)** ਬਣਨਾ ਜ਼ਰੂਰੀ ਹੈ।

**'ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥ ਮੈਲੇ ਹਛੇ ਕਾ ਵੀਚਾਰ ਆਪਿ ਵਰਤਾਇਸੀ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ'॥ '** (ਅੰਗ 730)॥

ਸੰਖੇਪ ਵਿੱਚ, ਗੁਰਬਾਣੀ-ਸਿਖਿਆ ਅਨੁਸਾਰ ਜੀਵਨ ਜਿਉਣ ਦੀਆਂ ਸੇਧਾਂ ਪ੍ਰਦਾਨ ਕਰਨੀਆਂ ਹੀ ਗੁਰਦੁਆਰੇ ਦਾ ਅਸਲੀ ਮਨੋਰਥ ਹੈ। ਮਨ ਨੂੰ ਸਮਝਾਉਣ ਲਈ ਗਿਆਨ ਜ਼ਰੂਰੀ ਹੈ, ਅਤੇ ਜਿਸ ਜਗ੍ਹਾ ਗੁਰਬਾਣੀ ਦਾ ਗਿਆਨ ਮਿਲੇ, ਉਹ ਹੀ ਗੁਰਦੁਆਰਾ ਹੈ।

**(ਬਾਕੀ ਅਗਲੇ ਅੰਕਾਂ ਵਿੱਚ)**

# ਕੀ ਸਾਡੀ ਸੋਚ ਸੰਤੁਲਿਤ ਹੈ ?

ਰਾਜਵਿੰਦਰ ਕੌਰ, ਫਰੀਦਕੋਟ (ਭਾਰਤ)



ਜਿਉਂ ਜਿਉਂ ਰੱਖੜੀ ਦਾ ਦਿਨ ਨੇੜੇ ਆਉਂਦਾ ਤਾਂ ਸੁਮਨ ਦੀ ਚਿੰਤਾ ਵੱਧਦੀ ਜਾਂਦੀ। ਮਨ ਵਿੱਚ ਨਜ਼ਦੀਕ ਆ ਰਹੇ ਇਸ ਪਵਿੱਤਰ ਬੰਧਨ ਨਾਲ ਨਜਿੱਠਣ ਲਈ ਮਨ ਹੀ ਮਨ ਪੈਸਿਆਂ ਦਾ ਜੋੜ-ਘਟਾਉ ਕਰਦੀ ਖਿਆਲਾਂ ਵਿੱਚ ਡੁੱਬ ਜਾਂਦੀ। ਰੀਝਾਂ, ਚਾਅ ਵੀ ਮਨ ਦੀਆਂ ਖੁਸ਼ੀਆਂ ਦੀਆਂ ਸੌਗਾਤਾਂ ਹੁੰਦੇ ਹਨ, ਜੇ ਚਿੰਤਾਂਵਾਂ ਫਿਕਰ ਨੇ ਮਨ ਘੇਰਿਆਾ ਹੋਵੇ ਤਾਂ ਇਹ ਤਿੱਥ ਤਿਉਹਾਰ ਵੀ ਬੋਝ ਲੱਗਦੇ ਹਨ, ਪੱਲੇ ਪਏ ਧੇਲਿਆਂ ਨਾਲ ਮੇਲੇ ਮਾਣੇ ਜਾਂਦੇ ਹਨ।

ਹਰ ਮਨ ਆਜ਼ਾਦ ਹੋ ਕੇ ਖੁੱਲੀਆਂ ਫਿਜ਼ਾਵਾਂ ਵਿੱਚ ਇੱਛਾਵਾਂ ਪੂਰਾ ਕਰਨ ਲਈ ਅਸਮਾਨ ਵਿੱਚ ਉਡਾਰੀਆਂ ਭਰਨਾ ਲੋਚਦਾ ਹੈ। ਪਰ ਜੇ ਪੱਲ੍ਹੇ ਬੇਵੱਸੀਆਂ ਹੋਵਣ, ਸ਼ਿਕਾਰੀਆਂ ਨੇ ਗੁਲਾਮੀ ਦੀਆਂ ਜ਼ੰਜੀਰਾਂ ਕੱਸ ਕੇ ਬੰਨੀਆਂ ਹੋਣ, ਜ਼ੋਰ-ਜਬਰੀ ਰਾਹੀਂ ਖੰਭ ਕੱਟ ਦਿੱਤੇ ਹੋਣ ਤਾਂ ਅਸਮਾਨ ਵੀ ਧੁੰਦਲਾ, ਤੰਗ ਅਤੇ ਡਰਾਉਣਾ ਜਾਪਦਾ ਹੈ।

ਸੁਮਨ ਵਾਹਵਾ ਚੰਗੇ ਘਰ ਦੀ ਨੂੰਹ ਸੀ, ਪੇਕਿਆਂ ਵੱਲੋਂ ਵੀ ਸੌਖੀ ਸੀ। ਜਦੋਂ ਭਰਾ ਦੇ ਰੱਖੜੀ ਬੰਨਣ ਜਾਣ ਦੀ ਸਹੁਰੇ ਪਰਿਵਾਰ ਵਿੱਚ ਗੱਲ ਕਰਦੀ ਤਾਂ ਸਾਰੇ ਪਰਿਵਾਰ ਦੇ ਪਿੱਸੂ ਪੈ ਜਾਂਦੇ। ਕੋਈ ਕਹਿੰਦਾ "ਮਸਾਂ ਤਾਂ ਘਰ ਭੈਣਾਂ ਨੇ ਵੀਰਾਂ ਦੇ ਰੱਖੜੀ ਬੰਨਣ ਆਉਣਾ ਹੈ, ਤੇ ਉਹਨਾਂ ਦੀ ਸੇਵਾ ਕੌਣ ਕਰੂ। ਕੋਈ ਕਹਿੰਦਾ "ਪਿਆਰ ਤੰਦਾਂ ਚ ਨਹੀਂ ਹੁੰਦਾ, ਇਹ ਤਾਂ ਫੋਕੇ ਕਰਮ-ਕਾਂਡ ਹਨ।" ਕੋਈ ਕਹਿੰਦਾ "ਲੈ ਦੱਸ ! ਮਸਾਂ ਘਰ ਜਵਾਈਆਂ ਭਾਈਆਂ ਨੇ

ਆਉਣਾ, ਕੀ ਕਹਿਣਗੇ ...? "ਭਾਬੀ ਡਰਦੀ, ਘਰੋਂ ਭੱਜਗੀ ਕੁਝ ਦੇਣਾ ਨਾ ਪਵੇ?"

ਸਾਰੇ ਸਵਾਲ ਸੁਮਨ ਦੀ ਫਿਤਰਤ ਤੋਂ ਉਲਟ ਖੁਦਗਰਜੀਆਂ, ਚਤੁਰਾਈਆਂ ਵਿੱਚੋਂ ਉਪਜੇ ਹੁੰਦੇ ਸਨ।

ਸੁਮਨ ਪੜੀ ਲਿਖੀ, ਸੋਹਣੀ, ਮਿਹਨਤੀ, ਸੁਚੱਜੀ, ਸਾਦਗੀ ਵਿੱਚ ਰਹਿਣ ਵਾਲੀ ਕੁੜੀ ਸੀ। ਸਾਰੇ ਪਰਿਵਾਰ ਦੀ ਦਿਨ ਰਾਤ ਚਾਕਰੀ ਕਰਦੀ। ਸਭ ਵਿਹਲੇ ਉਸ ਤੇ ਹੁਕਮ ਚਲਾਉਂਦੇ ਸਨ, ਪਰ ਉਹ ਲੋਕ-ਲੱਜ ਪਾਲਦੀ ਕੰਮਕਾਰ ਕਰਦੀ ਰਹਿੰਦੀ। ਉਸ ਦੀ ਕੁਝ ਪਲਾਂ ਦੀ ਗ਼ੈਰਹਾਜ਼ਰੀ ਵਿੱਚ ਹੀ ਘਰੇ ਭੜਥੂ ਪੈ ਜਾਂਦਾ। ਕਿਸੇ ਨੂੰ ਕੋਈ ਚੀਜ ਨਾ ਥਿਆਉਂਦੀ ਤੇ ਕਿਸੇ ਵਿੱਚ ਪਾਣੀ ਪਾ ਕੇ ਪੀਣ ਦੀ ਹਿੰਮਤ ਨਾ ਹੁੰਦੀ!

ਜਿਹਨਾਂ ਵਿਹਲੇ ਬੈਠ ਗੱਲਾਂ ਨਾਲ ਨਾਮ ਕਮਾਇਆ ਹੋਵੇ, ਏਸੀ ਕਮਰਿਆਂ ਵਿੱਚ ਬੈਠ ਚਮੜੀ ਨੂੰ ਦਿਨ ਰਾਤ ਕਰੀਮਾਂ ਨਾਲ ਨਿਖਾਰਿਆ ਹੋਵੇ, ਉਹਨਾਂ ਨੂੰ ਕਿਸੇ ਦੀ ਹੱਡ ਭੰਨਵੀਂ ਮਿਹਨਤ ਹੇਠ ਪਸੀਨੇ ਨਾਲ ਭਿੱਜੇ ਬਦਰੰਗ ਹੋਏ ਤਨ ਦੀ ਕੋਈ ਕਦਰ ਨਹੀਂ ਹੁੰਦੀ। ਕੀ ਪਤਾ ਹੁੰਦਾ ਮਿਹਨਤ ਦਾ ਮੁੱਲ ਕੀ ਹੁੰਦਾ।

ਸੁਮਨ ਦੇ ਪਤੀ ਨੂੰ ਭੈਣਾਂ ਰੱਖੜੀ ਬੰਨ ਹੱਟਦੀਆਂ ਤਾਂ ਸਾਰੇ ਘਰ ਦਾ ਕੰਮ ਸਮੇਟ ਸੁਮਨ ਨੁਕਤਾਚੀਨੀ ਸੁਣਦੀ ਮਸਾਂ ਇੱਕ ਵੱਜਦੇ ਨੂੰ ਘਰੋਂ ਭਰਾ ਨੂੰ ਰੱਖੜੀ ਬੰਨਣ ਤੁਰਦੀ ਤੇ ਘਰੋਂ ਹੁਕਮ ਹੁੰਦਾ ਕੇ,"ਆਉਣ ਜਾਣ ਕਰਿਓ ਭਾਈ!"ਘਰੇ ਪ੍ਰਾਹੁਣੇ ਉਡੀਕਦੇ ਹਨ! "

ਸਾਰੇ ਰਾਹ ਸੁਮਨ ਦਾ ਪਤੀ ਦੇਵ, "ਕਾਹਦੀ ਰਖੜੀ, ਹਜ਼ਾਰ ਦਾ ਦਾ ਤਾਂ ਤੇਲ ਲੱਗ ਜਾਂਦਾ, ਹਜ਼ਾਰ ਦੀ ਮਠਿਆਈ, ਦੋ ਸੌ ਦੀਆਂ ਰੱਖੜੀਆਂ" ਸੁਮਨ ਨੂੰ ਸੁਣਾਉਂਦਾ ਜਾਂਦਾ। ਸਾਰੇ ਰਾਹ ਨਿਰਾਸ਼ਤਾ ਵਿੱਚ ਦੁਖੀ ਸੁਮਨ ਮਨ ਵਿੱਚ ਕੁਲਝਦੀ ਜਾਂਦੀ ਉਸ ਦੇ ਚਿਹਰੇ ਦੇ ਉੱਡੇ ਰੰਗਾਂ ਹੇਠੋਂ ਚਿੰਤਾ ਦੇ ਨਿਸ਼ਾਨ ਸਾਫ ਦਿਸਦੇ। ਇੱਕ ਪਾਸੇ ਇੱਕੋ ਭਰਾ ਤੇ ਕੀਮਤੀ ਮਾਪੇ, ਦੂਜੇ ਪਾਸੇ ਜਿੰਦਗੀ ਦੇ ਕਠੋਰ ਇਮਤਿਹਾਨ ਦੀਆਂ ਲਕੀਰਾਂ! ਸਹੁਰੇ ਅਤੇ ਪੇਕੇ ਪਰਿਵਾਰ ਦੇ ਵਿਚਕਾਰ ਰਿਸ਼ਤਾ ਬਣਾਈ ਰੱਖਣ ਲਈ ਦੋਨਾਂ ਪਰਿਵਾਰਾਂ ਦੇ ਕਈ ਉਹਲੇ ਰੱਖ ਆਪ ਮਾਨਸਿਕ ਪੀੜਾਂ ਹੰਢਾਉਂਦੀ ਸੀ।

ਅੰਦਰੂਨੀ ਗਮ ਮੁਸਕਰਾਹਟ ਹੇਠ ਜ਼ਜਬ ਕਰ ਪੇਕੇ ਘਰ ਵੜਦੀ। ਵੀਰ ਦੇ ਰੱਖੜੀ ਬੰਨਦੀ, ਮੂੰਹ ਜੁਠਾਉਦੀ ਤੇ ਵੀਰ ਵੱਲੋਂ ਦਿੱਤਾ ਗਿਆ ਸ਼ਗਨ ਚੁੱਪ ਕਰ ਫੜ ਲੈਂਦੀ। ਚਾਹ ਪੀ ਕੇ ਵਾਪਿਸੀ ਕਰ ਲੈਂਦੀ।

ਮੁੜ੍ਹਨਸਾਰ ਪਤੀ ਪੁੱਛਦਾ, “ਕੀ ਦਿੱਤਾ ਫਿਰ ਤੇਰੇ ਵੀਰ ਨੇ ? ਐਨਾ ਖਰਚ ਤਾਂ ਆਪਣਾ ਹੋ ਗਿਆ, ਤੂੰ ਇੰਝ ਕਰ, ਗੱਡੀ ਦੇ ਤੇਲ, ਰੱਖੜੀਆਂ ਤੇ ਮਠਿਆਈ ਦੇ ਪੈਸੇ ਮੈਨੂੰ ਉਸ ਸ਼ਗਨ ਵਿੱਚੋਂ ਵਾਪਿਸ ਕਰ ਦੇ ਅਤੇ ਬਾਕੀ ਆਪ ਰੱਖ ਲੈ ਵੀਰ ਨੇ ਜੋ ਦਿੱਤੇ ਹਨ ਤੈਨੂੰ ਸ਼ਗਨ ਦੇ” ਸੁਮਨ ਮਨ ਤੇ ਕਾਬੂ ਪਾ ਪੈਸੇ ਪਤੀ ਨੂੰ ਵਾਪਿਸ ਕਰ ਦਿੰਦੀ।

ਘਰੇ ਆਈ ਨੂੰ ਠਹਾਕੇ ਲਾ ਲਾ ਕੇ ਸੱਸ ਤੇ ਨਨਾਣਾਂ ਪੁੱਛਦੀਆਂ “ਕੀ ਦਿੱਤਾ ਫਿਰ ਵੀਰ ਨੇ?”


ਇਹ ਸੁਣ ਉਹ ਚੁੱਪ ਕਰ ਜਾਂਦੀ। ਜਿੱਥੇ ਬੇਲਗਾਮ ਸੱਪ ਦੀ ਜੀਭ ਵਰਗੀਆਂ ਜ਼ੁਬਾਨਾਂ ਡੰਗਦੀਆਂ ਹੋਣ, ਉੱਥੇ ਵਿਚਾਰਾ ਜਿਹਾਬਣ ਗੁਜਾਰਾ ਕਰਨਾ ਪੈਂਦਾ ਹੈ, ਬਰਾਬਰੀ ਨਹੀਂ ਕੀਤੀ ਜਾਂਦੀ। ਆਵਦਾ ਖੂਨ ਖੂਨ, ਦੂਸਰੇ ਦਾ ਖੂਨ ਪਾਣੀ, ਆਵਦੀ ਧੀ ਜਿਗਰ ਦਾ ਟੋਟਾ, ਦੂਜੇ ਦੀ ਧੀ ਨੌਕਰਾਣੀ।

ਪਹਿਲੀ ਵਾਰ ਜਦੋਂ ਸੁਮਨ ਵੀਰ ਨੂੰ ਰੱਖੜੀ ਬੰਨਣ ਗਈ ਸੀ ਤਾਂ ਮਾਪਿਆਂ ਨੇ ਸੂਟ ਦਿੱਤੇ ਸਨ, ਸਹੁਰਿਆਂ ਨੇ ਕਹਿ ਦਿੱਤਾ ਸੀ ਕੇ ਅਗਾਂਹ ਤੋਂ ਸੁਮਨ ਪੈਸੇ ਹੀ ਲਿਆ ਕਰ, ਸੂਟ ਨਾ ਲਵੀਂ (ਕਿਉਕੇ ਸੂਟ ਸੁਮਨ ਕੋਲ ਰਹਿ ਜਾਂਦੇ ਸਨ ਤੇ ਲੱਗੇ ਪੈਸੇ ਵਾਪਿਸ ਨਹੀਂ ਮਿਲਦੇ ਸਨ) ਸੁਮਨ ਨੇ ਮਾਪਿਆਂ ਨੂੰ ਸੂਟਾਂ ਤੋਂ ਮਨ੍ਹਾ ਕਰ ਦਿੱਤਾ ਸੀ।

ਇਹ ਤਿਉਹਾਰ ਜਮਾਂ ਘਟਾਓ ਦੇ ਹਿਸਾਬਾਂ ਦੇ ਨਹੀਂ ਹੁੰਦੇ, ਇਹ ਸੁਖਮਤਾ ਵਿੱਚੋਂ ਉਪਜੇ ਨਾਜ਼ੁਕ ਵਲਵਲੇ ਹੁੰਦੇ ਹਨ ਜਿਹੜੇ ਮੁੱਦਤਾਂ ਤੱਕ ਪਿਆਰ ਦੀਆਂ ਤੰਦਾਂ ਬਣ ਬੱਝੇ ਰਹਿੰਦੇ ਹਨ।

ਸਹੁਰੇ ਘਰ ਪਹੁੰਚ ਫਿਰ ਸੁਮਨ ਨੌਕਰ ਬਣ ਕੰਮਾਂ ਵਿੱਚ ਜੁੱਟ ਜਾਂਦੀ। ਕਈ ਘਰਾਂ ਵਿੱਚ ਬੇਸ਼ੱਕ ਰਿਜ਼ਕ ਭਾਵੇ ਕਿੰਨਾ ਹੋਵ ਭੁੱਖੀਆਂ, ਕਮੀਨੀਆਂ, ਨੀਯਤਾਂ ਨੂੰ ਕਦੇ ਰੱਬ ਵੀ ਨਹੀਂ ਰਜਾ ਸਕਦਾ। ਕਈ ਔਰਤਾਂ ਪੇਕਿਆਂ ਅਤੇ ਸਹੁਰਿਆਂ ਵਿੱਚ ਸੰਤੁਲਨ ਬਣਾ ਕੇ ਰੱਖਣ ਲਈ ਆਪਾਂ ਕੁਰਬਾਨ ਕਰ ਦਿੰਦੀਆਂ ਹਨ ਪਰ ਉਹਨਾਂ ਦੇ ਅੰਦਰਲੇ ਛਿੱਪੀਆਂ ਕੁਰਬਾਨੀਆਂ ਨੂੰ ਸਮਝਣ ਦੇ ਕੋਈ ਸਮਰੱਥ ਨਹੀਂ ਹੁੰਦਾ। ਮਾਪਿਆਂ ਅਤੇ ਆਵਦੀ ਜਿੰਦਗੀ ਦੇ ਹਲਾਤਾਂ ਵਿਚਕਾਰ ਇੰਝ ਲਟਕਦੀਆਂ ਰਹਿੰਦੀਆਂ ਹਨ ਜਿੱਥੇ ਸਾਹ ਤਾਂ ਵਗਦੇ ਰਹਿੰਦੇ ਹਨ, ਬਾਕੀ ਜਿਸਮ ਲਾਸ਼ ਹੁੰਦਾ।

ਘਰੇਲੂ ਔਰਤਾਂ ਕੋਈ ਮਿਹਨਤਾਨਾ ਨਹੀਂ ਲੈਂਦੀਆਂ, ਸਗੋਂ ਹੱਡ-ਭੰਨਵੀਂ ਮਿਹਨਤ ਕਰਕੇ ਵੀ ਭਿਖਾਰਨਾਂ ਵਾਲੀ ਜਿੰਦਗੀ ਹੀ ਜਿਉਦੀਆਂ ਨੇ।



# ਦੁਆਵਾਂ ਦੀ ਕਮਾਈ

ਹਰਪ੍ਰੀਤ ਸਿੰਘ ਜਵੰਦਾ, ਵਿੰਨੀਪੈਗ (ਕੈਨੇਡਾ)

ਗੁਰੂ ਰਾਮਦਾਸ ਜੀ ਦੀ ਵਰਸੋਈ ਧਰਤੀ ਦੀਆਂ ਕੁਝ ਰੱਜੀਆਂ ਰੂਹਾਂ ਚੇਤੇ ਆ ਗਈਆਂ! ਗ੍ਰੀਨ ਐਵੀਨਿਊ ਵਾਲੇ ਬਾਬਾ ਜੀ ਅਕਸਰ ਸਵੀਮਿੰਗ ਕਰਨ ਹੋਟਲ ਆ ਜਾਇਆ ਕਰਦੇ। ਫੇਰ ਕਿੰਨੇ ਦੇਰ ਗੱਲੀ ਲੱਗੇ ਰਹਿੰਦੇ। ਦੱਸਦੇ ਜਿੰਦਗੀ ਵਿਚ ਤਰੱਕੀ ਦੇ ਬਹੁਤ ਮੌਕੇ ਮਿਲੇ ਪਰ ਦਰਬਾਰ ਸਾਹਿਬ ਦੀ ਭੋਂਇੰ ਛੱਡਣ ਦਾ ਹੀਆ ਨਾ ਪਿਆ!

ਸੰਤਾਲੀ ਵੇਲੇ ਸਿਆਲਕੋਟ ਕੋਲ ਪਸਰੂਰ ਤੋਂ ਇਥੇ ਆ ਵੱਸੇ। ਪਿਛਲੇ ਪੰਜਾਹਾਂ ਸਾਲਾਂ ਤੋਂ ਬਿਨਾ ਨਾਗਾ ਰੋਜ ਤੜਕੇ ਦਰਬਾਰ ਸਾਬ ਆਉਂਦੇ, ਭਾਵੇਂ ਜਿੰਨੀ ਮਰਜੀ ਗੂੜੀ ਨੀਂਦਰ ਪਈ ਹੋਵੇ। ਗੁਰੂ ਮਹਾਰਾਜ ਆਪ ਪੂਰੇ ਢਾਈ ਵਜੇ ਹਲੂਣਾ ਦੇ ਕੇ ਜਗਾ ਦਿੰਦੇ, ਫੇਰ ਹਰ ਸੁਵੇਰ ਤੜਕੇ ਸ੍ਰੀ ਅਕਾਲ ਤਖ਼ਤ ਤੋਂ ਆਉਂਦੀ ਪਾਲਕੀ ਸਾਬ ਨੂੰ ਮੋਢਾ!

ਪੰਜ ਜੂਨ ਚੁਰਾਸੀ ਨੂੰ ਭੰਡਾਰੀ ਪੁਲ ਤੇ ਹੀ ਮੱਥਾ ਟੇਕ ਲਿਆ। ਅਗਲੇ ਦਿਨ ਇਸੇ ਥਾਂ ਇੱਕ ਗਲੀ ਵਿਚ ਫੌਜ ਦੀਆਂ ਗਾਹਲਾਂ ਵੀ ਖਾਦੀਆਂ ਤੇ ਕੁੱਟ ਵੀ। ਇੱਕ ਆਖਣ ਲੱਗਾ ਭਿੰਡਰਾਂਵਾਲੇ ਦਾ ਚੇਲਾ। ਸਾਡਾ ਕਿੰਨਾ ਨੁਕਸਾਨ ਕੀਤਾ। ਡਿੱਗੇ ਤੇ ਖੋਤੀ ਤੋਂ ਸਨ ਪਰ ਗੁੱਸਾ ਘੁਮਿਆਰ ਤੇ। ਹੁਣ ਵੀ ਰੋਜ ਏਹੀ ਅਰਦਾਸ, ਜੇ ਕਦੀ ਫੇਰ ਮਨੁੱਖੀ ਜਾਮਾ ਨਸੀਬ ਹੋਵੇ ਤਾਂ ਇਸੇ ਧਰਤੀ ਤੇ ਹੀ ਅੱਖੀਆਂ ਖੋਹਲਾਂ, ਕਰਾਮਾਤੀ ਧਰਤੀ, ਵਿਸਮਾਦੀ ਲੈਅ। ਹੁਣ ਤੇ ਆਲਾ ਦਵਾਲਾ ਬਦਲ ਕੇ ਰੱਖ ਦਿੱਤਾ ਵਰਨਾ ਕੋਤਵਾਲੀ ਟੱਪਦਿਆਂ ਹੀ ਅੱਗਿਓਂ ਕੰਨੀ ਪੈਂਦੇ ਰਸਭਿੰਨੇ ਕੀਰਤਨ ਦੀਆਂ ਧੁੰਨਾ ਨਾਲ ਲੂ ਕੰਢੇ ਖੜੇ ਹੋ ਜਾਂਦੈ।

ਭਰ ਸਿਆਲ ਵੀ ਇੱਕ ਅਜੀਬ ਜਿਹਾ ਨਿੱਘ ਅਤੇ ਜੂਨ ਮਹੀਨੇ ਵੀ ਕਾਲਜਾ ਠਾਰਦੀ ਠੰਡਕ ਰੂਹ ਤੇ ਇੱਕ ਮਦਹੋਸ਼ੀ ਛਾਈ ਰਹਿੰਦੀ। ਕਦੇ ਸਾਕ ਬਰਾਦਰੀ ਜਾਣਾ ਪੈ ਵੀ ਜਾਵੇ ਤਾਂ ਤਾਂਘ ਰਹਿੰਦੀ ਛੇਤੀ ਅਮ੍ਰਿਤਸਰ ਮੁੜਿਆ ਜਾਵੇ। ਦੋ ਸਾਲ ਹੋਏ ਚੜਾਈ ਕਰ ਗਏ। ਇੰਝ ਲੱਗਿਆ ਇਤਿਹਾਸ ਦਾ ਇੱਕ ਪੰਨਾ ਪਲਟਿਆ ਗਿਆ ਹੋਵੇ!



ਮਾਹਣਾ ਸਿੰਘ ਰੋਡ, ਸ੍ਰੀ ਦਰਬਾਰ ਸਾਹਬ ਦੇ ਨੇੜੇ ਬਾਬਾ ਅਜੀਤ ਸਿੰਘ ਅੱਜ ਵੀ ਦਸਾਂ ਰੁਪਈਆਂ ਦੇ ਚਾਰ ਸਮੋਸੇ। ਉਹ ਵੀ ਹੱਸ ਕੇ ਆਖਦੇ ਗੁਰੂ ਰਾਮਦਾਸ ਨੇ ਵਿਓਪਾਰ ਨਹੀਂ ਸੇਵਾ ਲੇਖੇ ਲਾਈ ਏ, ਬਰਕਤ ਹੀ ਬਰਕਤ, ਕਦੀ ਘਾਟਾ ਨਹੀਂ ਪਿਆ,ਆਈ ਚਲਾਈ ਚਲੀ ਜਾਂਦੀ!

ਇੱਕ ਹੋਰ ਅੱਜ ਵੀ ਦਸਾਂ ਰੁਪਈਆਂ ਦੀ ਠੰਡੇ ਦੀ ਬੋਤਲ ਅਤੇ ਪੰਦਰਾਂ ਦੀ ਮੋਟੇ ਤਲੇ ਵਾਲੀ ਕੁਲਫੀ। ਕੁਝ ਰੂਹਾਂ ਗੁਰੂ ਆਸਰੇ ਵਿਓਪਾਰ ਕਰਦੀਆਂ ਨੇ...!

ਦੁਨਿਆਵੀ ਘਾਟੇ ਵਾਧੇ ਕੋਈ ਅਸਰਅੰਦਾਜ਼ ਨਹੀਂ। ਚੰਗੀ ਤਰਾਂ ਜਾਣਦੇ ਨੇ ਕੇ ਖਾਲੀ ਹੱਥ ਇਸ ਵਕਤੀ ਸਰਾਂ ਵਿਚ ਰਾਤ ਕੱਟਣ ਆਇਆਂ ਨੂੰ ਅਗਲੇ ਦਿਨ ਖਾਲੀ ਹੱਥ ਵਾਪਿਸ ਪਰਤਣਾ ਹੀ ਪੈਣਾ। ਸਰਲ ਅਤੇ ਸਪਸ਼ਟ ਫਿਲਾਸਫੀ। ਦੂਜੇ ਪਾਸੇ ਦੇ ਸਾਡੇ ਵਰਗੇ ਦੁਨੀਆਦਾਰ ਅਕਸਰ ਨਿੱਕੇ ਨਿੱਕੇ ਘਾਟੇ ਵਾਧੇ ਅਤੇ ਦੁੱਖ ਦਰਦ ਰੂਹ ਨੂੰ ਟੁੰਬ ਜਾਂਦੈ। ਇੰਝ ਲੱਗਦਾ ਦੁਨੀਆ ਮੁੱਕ ਗਈ!

ਸਰਦਾਰ ਅਜੀਤ ਸਿੰਘ ਦੀ ਆਹ ਫੋਟੋ ਸਾਮਣੇ ਲਾ ਕੁਝ ਦੁਨਿਆਵੀ ਵਿਓਪਾਰ ਇੰਝ ਵੀ ਕੀਤੇ ਜਾ ਸਕਦੇ ਹਨ ਜਿਹਨਾਂ ਵਿਚ ਕਾਗਜੀ ਨੋਟ ਨਹੀਂ ਦੁਆਵਾਂ ਦੀ ਕਮਾਈ ਹੁੰਦੀ। ਉਹ ਦੁਆਵਾਂ ਜਿਹੜੀਆਂ ਸੜਦੀ ਹੋਈ ਰੂਹ ਤੇ ਮਰਹਮ ਦਾ ਕੰਮ ਕਰਦੀਆਂ ਹਨ।

# ਗੁਰੂ ਨਾਨਕ ਚਿੰਤਨ ਵਿਚ ਬ੍ਰਹਿਮੰਡੀ-ਪ੍ਰੇਮ (ਭਾਗ-1)

ਜਸਵਿੰਦਰ ਸਿੰਘ "ਰੁਪਾਲ" (ਭਾਰਤ)-9814715796



ਮਨੁੱਖਤਾ ਦੇ ਰਹਿਬਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਦਰ ਅਤੇ ਉਸ ਦੀ ਕਿਰਤ ਦੇ ਅਗੰਮੀ ਸੰਜੋਗ ਅਤੇ ਪ੍ਰੇਮ-ਬੰਧਨ ਦੇ ਭੇਦ ਸਮਝੇ, ਮਹਿਸੂਸ ਕੀਤੇ ਅਤੇ ਆਪਣੀ ਬਾਣੀ ਰਾਹੀਂ ਇਸ ਤਰਾਂ ਬਿਆਨ ਕੀਤੇ ਕਿ ਉਸ ਤੋਂ ਜੀਵਨ ਜੀਊਣ ਦੇ ਮਾਰਗ ਦਾ ਪਤਾ ਲੱਗੇ। ਜਿਸ ਤੇ ਚੱਲ ਕੇ ਜਗਿਆਸੂ ਨੂੰ ਉਸ ਅਕਾਲ-ਪੁਰਖ ਦੀ ਅੰਸ਼ ਹੋਣ ਦਾ ਅਹਿਸਾਸ ਹੁੰਦਾ ਹੈ ਅਤੇ ਉਸ ਵਿੱਚ ਅਭੇਦ ਹੋਣ ਦਾ ਵਿਸਮਾਦੀ ਚਾਅ ਵੀ ਚੜ੍ਹਦਾ ਹੈ। ਇਹ ਚਾਅ ਹੀ ਸਾਰੇ ਬ੍ਰਹਿਮੰਡ ਨੂੰ ਆਪਣੀ ਪਰੇਮ-ਗਲਵੱਕੜੀ ਵਿੱਚ ਲੈ ਲੈਣ ਦੀ ਸਮਰੱਥਾ ਦਿੰਦਾ ਹੈ ਅਤੇ ਜਗਿਆਸੂ ਆਤਮ-ਮੰਥਨ ਕਰਦਾ ਹੈ ਅਤੇ ਹਰ ਜ਼ੱਰੇ ਚੋਂ ਉਸ ਇੱਕ ਦੀ ਹੋਂਦ ਵੀ ਮਹਿਸੂਸ ਕਰਨ ਲੱਗਦਾ ਹੈ।

ਗੁਰੂ ਨਾਨਕ ਜੀ ਦੇ ਇਸ ਰੂਹਾਨੀ-ਪ੍ਰੇਮ ਨੂੰ ਸਮਝਣ ਲਈ ਅਸੀਂ ਇਸ ਨੂੰ ਤਿੰਨ ਹਿੱਸਿਆਂ ਵਿੱਚ ਦੇਖਦੇ ਹਾਂ: ਪ੍ਰਭੂ ਨਾਲ ਪ੍ਰੇਮ, ਖਲਕਤ ਨਾਲ ਪ੍ਰੇਮ ਅਤੇ ਕੁਦਰਤ ਨਾਲ ਪ੍ਰੇਮ।

ਗੁਰੂ ਨਾਨਕ ਜੀ ਦਾ ਰੱਬ ਕਿਤੇ ਜੰਗਲਾਂ ਵਿੱਚ ਨਹੀਂ, ਨਾ ਕਿਸੇ ਉਪਰਲੇ ਆਕਾਸ਼ ਤੇ ਹੈ, ਉਹ ਤਾਂ ਆਪਣੀ ਸਾਜੀ ਸ੍ਰਿਸ਼ਟੀ ਵਿੱਚ ਸਮਾਇਆ ਹੋਇਆ ਹੈ। ਗੁਰੂ ਜੀ ਨੇ ਮੂਲ-ਮੰਤਰ ਵਿੱਚ ਹੀ ਉਸ ਦਾ ਸਰੂਪ ਬਿਆਨ ਕਰ ਦਿੱਤਾ ਹੈ। ਉਸ ਦੀ ਪ੍ਰਾਪਤੀ ਲਈ ਕਿਸੇ ਜਪ. ਤਪ, ਆਸਣ, ਭਗਤੀ, ਆਦਿ ਦੀ ਲੋੜ ਨਹੀਂ ਹੈ।

ਗੁਰੂ ਸਾਹਿਬ ਨੇ ਉਸ ਦੀ ਪ੍ਰਾਪਤੀ ਲਈ ਵਰਤੇ ਜਾਂਦੇ ਬਾਕੀ ਸਾਰੇ ਸਾਧਨਾਂ ਨੂੰ ਤਾਂ ਫਜ਼ੂਲ ਕਿਹਾ ਹੀ, ਉਸ ਸਮੇ ਦੇ ਮੰਨੇ ਜਾਂਦੇ ਪ੍ਰਮੁੱਖ ਸਾਧਨ ਭਗਤੀ ਮਾਰਗ ਅਤੇ ਗਿਆਨ ਮਾਰਗ ਨਾਲੋਂ ਵੀ ਪ੍ਰੇਮ-ਮਾਰਗ ਨੂੰ ਉੱਚਾ ਦੱਸਿਆ। ਇਸ ਪ੍ਰੇਮ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ।

ਪ੍ਰਮਾਤਮਾ ਦੇ ਗੁਣ ਬਿਆਨ ਕਰਦੇ ਹੋਏ ਉਸ ਨੂੰ ਸਾਰੇ ਗੁਣਾਂ ਦਾ ਖਜਾਨਾ ਆਖ ਦਿੱਤਾ। ਉਸ ਨਾਲ ਪਿਆਰ ਇਸ ਲਈ ਵੀ ਪੈਦਾ ਹੋਵੇਗਾ, ਕਿਉਂਕਿ ਉਸ ਤੋਂ ਵੱਡਾ ਕੋਈ ਹੈ ਹੀ ਨਹੀਂ।

ਉਸ ਨੂੰ ਪ੍ਰਾਪਤ ਇਸ ਲਈ ਨਹੀਂ ਕਰਨਾ ਕਿ ਮੇਰੇ ਦੁੱਖ ਦੂਰ ਹੋ ਜਾਣ ਜਾਂ ਮੈਂ ਕੋਈ ਦੁਨਿਆਵੀ ਪਦਾਰਥ, ਸੁੱਖ ਸਹੂਲਤਾਂ ਲੈਣੀਆਂ ਹਨ, ਨਾ ਹੀ ਮੌਤ ਉਪਰੰਤ ਕਿਸੇ ਸਵਰਗਾਂ ਜਾਂ ਮੁਕਤੀ ਦੀ ਕਾਮਨਾ ਲਈ ਉਸ ਨੂੰ ਧਿਆਉਣਾ ਹੈ, ਸਗੋਂ ਇਹ ਪ੍ਰੇਮ ਸਿਰਫ ਇਸ ਲਈ ਹੈ ਕਿਉਂਕਿ ਮੈ ਉਸੇ ਦੀ ਅੰਸ਼ ਹਾਂ ਅਤੇ ਕੋਈ ਵੀ ਅੰਸ਼ ਆਪਣੇ ਮੂਲ ਤੋਂ ਟੁੱਟ ਕੇ ਜਿਉਂਦੀ ਨਹੀਂ ਰਹਿ ਸਕਦੀ।

ਪ੍ਰਭੂ ਖੁਦ ਪ੍ਰੇਮ ਦਾ ਸਾਗਰ ਹੈ ਅਤੇ ਅਸੀਂ ਸਭ ਨਦੀਆਂ ਦਾ ਮੂਲ ਮਨੋਰਥ ਉਸ ਸਾਗਰ ਵਿੱਚ ਹੀ ਸਮਾ ਜਾਣਾ ਹੈ।

ਇਸ ਪ੍ਰੇਮ ਦੀਆਂ ਦੋ ਸ਼ਾਖਾਵਾਂ ਹਨ - ਬੈਰਾਗ ਅਤੇ ਮਿਲਾਪ।

ਬੈਰਾਗ ਦੀ ਅਵਸਥਾ ਵਿੱਚ ਗੁਰੂ ਸਾਹਿਬ ਆਖਦੇ ਹਨ- **(ਵਾਰ ਮਲਾਰ ਮ ੧, ਪੰਨਾ ੧੨੭੯):**

**"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹ॥**

**ਭੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਹਿ॥"**

ਕਿਹੜੇ ਬੋਲ ਬੋਲੇ ਜਾਣ ਕਿ ਪ੍ਰਭੂ ਨਾਲ ਇਹ ਸੱਚਾ ਪਿਆਰ ਪੈਦਾ ਹੋਵੇ ? ਗੁਰੂ ਸਾਹਿਬ ਕਹਿੰਦੇ ਹਨ -

**"ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ" (ਜਪੁ ਪੰਨਾ 2)**

ਮਿਲਾਪ ਦੀ ਅਵਸਥਾ ਬਾਰੇ ਰਾਗੁ ਸੂਹੀ ਮ-1 (ਛੰਤੁ ਘਰੁ 2 ਪੰਨਾ 764) ਵਿਚ ਗੁਰੂ ਸਾਹਿਬ ਸਮਝਾਂਦੇ ਹਨ -

**"ਹਮਿ ਘਰਿ ਸਾਜਨੁ ਆਏ। ਸਾਚੈ ਮੇਲਿ ਮਿਲਾਏ॥ "**

ਬੈਰਾਗ ਦਾ ਪੈਦਾ ਹੋਣਾ ਅਤੇ ਸ਼ਬਦ-ਗੁਰੂ ਰਾਹੀਂ ਹਉਮੈ ਦੂਰ ਕਰ ਕੇ ਉਸ ਵਿੱਚ ਅਭੇਦ ਹੋਣਾ ਹੀ ਪ੍ਰੇਮ ਕਰਨਾ ਹੈ। ਸਾਡੇ ਪ੍ਰੇਮ ਕਰਨ-ਯੋਗ ਇੱਕੋ ਇੱਕ ਅਕਾਲ-ਪੁਰਖਿ ਹੀ ਹੈ, ਜਿਸ ਨੇ ਸਭ ਕੁੱਝ ਪੈਦਾ ਕੀਤਾ ਹੈ। ਇਹ ਸੂਝ ਵੀ ਉਸੇ ਨੇ ਦਿੱਤੀ ਹੈ ਅਤੇ ਇਹ ਪ੍ਰੇਰਨਾ ਵੀ ਉਸੇ ਨੇ ਹੀ ਕਰਨੀ ਹੈ। ਉਸ ਨੇ ਆਪ ਹੀ ਇਹ ਪਿਆਰ ਲਗਾਉਣਾ ਹੈ, ਪਰ ਉਸਦੀ ਕਿਰਪਾ-ਦ੍ਰਿਸ਼ਟੀ ਦੇ ਪਾਤਰ ਬਣਨ ਲਈ ਸਾਨੂੰ ਯਤਨ ਕਰਨੇ ਪੈਣਗੇ।

ਗੁਰੂ ਜੀ ਦਾ ਪ੍ਰਭੂ-ਪ੍ਰੇਮ ਇਤਨਾ ਉੱਚਾ ਸੁੱਚਾ ਹੈ ਕਿ ਬਾਕੀ ਸਾਰੇ ਪ੍ਰੇਮ ਇਸ ਪ੍ਰੇਮ ਅੱਗੇ ਤੁੱਛ ਜਾਪਦੇ ਹਨ। ਮਾਤ-ਪਿਤਾ, ਪਤਨੀ, ਭੇਣ-ਭਰਾ, ਦੋਸਤ ਆਦਿ ਕੋਈ ਵੀ ਇਸ ਪ੍ਰੇਮ ਵਿੱਚ ਰੁਕਾਵਟ ਨਹੀਂ ਬਣ ਸਕਦਾ। ਇਹ ਪ੍ਰੇਮ ਈਰਖਾਲੂ ਨਹੀਂ ਹੈ।

ਆਮ ਤੌਰ ਤੇ ਦੁਨਿਆਵੀ ਪ੍ਰੇਮ ਵਿੱਚ ਕਬਜੇ ਦੀ ਭਾਵਨਾ ਹੁੰਦੀ ਹੈ, ਪਰ ਇਹ ਪ੍ਰੇਮ ਹੋਰਾਂ ਨੂੰ ਵੀ ਪ੍ਰਭੂ ਨਾਲ ਪ੍ਰੇਮ ਕਰਨਾ ਸਿਖਾਉਂਦਾ ਹੈ। ਉਹ ਕਾਦਰ ਕਿਉਂਕਿ ਆਪਣੀ ਸਾਜੀ ਸ੍ਰਿਸ਼ਟੀ ਵਿੱਚ ਰਮਿਆ ਹੋਇਆ ਹੈ।

ਇਸ ਲਈ ਹਰ ਮਿਲਣ ਵਾਲੇ ਵਿੱਚ ਬਾਬਾ ਨਾਨਕ ਜੀ ਨੂੰ ਰੱਬੀ-ਜੋਤ ਨਜਰ ਆਉਂਦੀ ਹੈ ਅਤੇ ਉਸ ਨਾਲ ਮੱਲੋ-ਮੱਲੀ ਪਿਆਰ ਪੈਦਾ ਹੁੰਦਾ ਹੈ। ਦੁਖੀਆਂ ਦੇ ਦੁੱਖ ਬਾਬਾ ਜੀ ਦੇਖ ਨਹੀਂ ਸਕਦੇ। ਲੁੱਟੀ ਜਾ ਰਹੀ ਜਨਤਾ ਦੇ ਹੱਕ ਵਿੱਚ ਆਵਾਜ ਉਠਾਉਂਦੇ ਹਨ।

ਮਿਹਨਤੀ ਅਤੇ ਕਿਰਤੀ ਲਾਲੋ ਦੀ ਕੋਧਰੇ ਦੀ ਰੋਟੀ, ਮਲਕ ਭਾਗੋ ਦੇ ਸ਼ਾਹੀ ਪਕਵਾਨਾਂ ਤੋਂ ਵੱਧ ਸੁਆਦ ਲੱਗਦੀ ਹੈ। ਨੀਵੀਂ ਜਾਣੀ ਜਾਂਦੀ ਡੂਮ ਜਾਤ ਦੇ ਭਾਈ ਮਰਦਾਨਾ ਜੀ ਨੂੰ ਆਪਣੀਆਂ ਉਦਾਸੀਆਂ ਦਾ ਸਾਥੀ ਬਣਾਇਆ। ਬਾਬਾ ਜੀ ਧਾਰਮਿਕ ਪਾਖੰਡਾਂ, ਕਰਮ ਕਾਂਡਾਂ ਦਾ ਵਿਰੋਧ ਕਰਦੇ ਹਨ, ਸਿਰਫ ਇਸ ਲਈ ਕਿਉਂਕਿ ਇਹ ਜਾਲ ਗਰੀਬ ਅਤੇ ਭੋਲੀ-ਭਾਲੀ ਜਨਤਾ ਦੇ ਲੁੱਟੇ ਜਾਣ ਲਈ ਸੀ।

ਖਲਕਤ ਨਾਲ ਪ੍ਰੇਮ ਕਾਰਨ ਹੀ ਜਾਲਮ ਰਾਜੇ ਦੇ ਜੁਲਮ ਦਾ ਵਿਰੋਧ ਕਰਦੇ ਹਨ। ਬਾਬਰ ਨੂੰ ਉਸ ਦੇ ਮੂੰਹ ਤੇ ਜਾਬਰ ਆਖਦੇ ਹਨ, ਉਸ ਦੀ ਕੈਦ ਵਿੱਚ ਉਸ ਨਾਲ ਸੰਵਾਦ ਰਚਾਉਂਦੇ ਹਨ, ਕੈਦੀਆਂ ਨੂੰ ਆਜ਼ਾਦ ਕਰਵਾਉਂਦੇ ਹਨ। ਬਾਬਰ-ਵਾਣੀ ਦੇ ਸ਼ਬਦ ਗੁਰੂ ਸਾਹਿਬ ਦਾ ਆਮ-ਲੋਕਾਈ ਨਾਲ ਪ੍ਰੇਮ ਦਰਸਾਉਂਦੇ ਹਨ। **(ਆਸਾ ਮਹਲਾ ੧, ੩੬੦)**

**"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**

**ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥**

**ਏਤੀ ਮਾਰ ਪਈ ਕੁਲਾਣੇ ਤੈਂਕੀ ਦਰਦੁ ਨ ਆਇਆ॥**

**ਕਰਤਾ ਤੂੰ ਸਭਨਾ ਕਾ ਸੋਈ॥**

**"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥**

ਗੁਰੂ ਸਾਹਿਬ ਨੂੰ ਦੁੱਖ ਸੀ ਕਿ ਤਾਕਤਵਰ ਨੇ ਮਜਲੂਮਾਂ ਤੇ ਵਾਰ ਕਿਉਂ ਕੀਤਾ? ਉਹ ਚਾਹੁੰਦੇ ਸਨ ਕਿ ਮੁਕਾਬਲਾ ਬਰਾਬਰ ਦਾ ਹੁੰਦਾ, ਪਰ ਇੱਥੇ ਤਾਂ ਡਾਢੇ ਨੇ ਕਮਜੋਰ ਲੋਕਾਂ ਤੇ, ਜਿਨਾਂ ਕੋਲ ਨਾ ਵਧੀਆ ਹਥਿਆਰ ਸਨ, ਨਾ ਵਧੀਆ ਸਿਖਲਾਈ, ਉਨ੍ਹਾਂ ਤੇ ਹਮਲਾ ਕੀਤਾ ਸੀ।

# ਗੁਰੂ ਨਾਨਕ ਚਿੰਤਨ ਵਿਚ ਬ੍ਰਹਿਮੰਡੀ-ਪ੍ਰੇਮ (ਭਾਗ – 2)

ਜਸਵਿੰਦਰ ਸਿੰਘ "ਰੁਪਾਲ" (ਭਾਰਤ)-9814715796

ਗੁਰੂ ਨਾਨਕ ਉਸ ਵੇਲੇ ਦੇ ਪੰਡਿਤਾਂ ਵਲੋਂ ਆਖੇ ਗਏ ਅਤੇ ਸੈਦਪੁਰ ਦੇ ਹਾਕਮਾਂ ਵਲੋਂ ਮੰਨੇ ਗਏ ਇਸ ਵਿਸ਼ਵਾਸ਼ ਦੀ ਨਿਖੇਧੀ ਕਰਦੇ ਹਨ ਜਿਸ ਅਨੁਸਾਰ ਉਹ ਮੰਤਰ ਪੜ੍ਹ ਕੇ ਹੀ ਮੁਗਲ ਸੈਨਾ ਨੂੰ ਅੰਨਾ ਕਰ ਦਿੰਦੇ।(ਆਸਾ ਮਹਲਾ ੧, ਪੰਨਾ ੪੧੭)

**"ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥**

**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥**

**ਕੋਈ ਮੁਗਲੁ ਨਾ ਹੋਆ ਅੰਧਾ ਕਿਨੈ ਨ ਪਰਚਾ ਲਾਇਆ। "**

ਬਾਬੇ ਦੇ ਸਿੱਖਾਂ ਨੂੰ ਵੀ ਅੱਜ ਇਹ ਯਾਦ ਰੱਖਣਾ ਚਾਹੀਦਾ ਹੈ, ਕਿ ਗੁਰਬਾਣੀ ਨੂੰ ਸਿਰਫ ਮੰਤਰ-ਜਾਪ ਵਾਂਗ ਪੜ੍ਹੇ ਜਾਣ ਨਾਲ ਹੀ ਸੰਕਟ ਦੂਰ ਨਹੀਂ ਹੋਣੇ ਬਾਬੇ ਦੀ ਬਾਣੀ ਦੇ ਅਣੀਆਲੇ ਤੀਰਾਂ ਨਾਲ ਵਿੰਨ੍ਹੇ ਹੋਏ ਬਾਬਰ ਨੇ, ਨਾ ਕੇਵਲ ਲੋਕਾਂ ਦਾ ਟੈਕਸ ਹੀ ਮੁਆਫ ਕੀਤਾ, ਸਗੋਂ ਮੁੜ ਹਮੇਸ਼ਾ ਲਈ ਸੈਦਪੁਰ ਵਿੱਚ ਅਮਨ ਬਣਾਈ ਰੱਖਣ ਦਾ ਵਾਅਦਾ ਵੀ ਕੀਤਾ। ਇਸੇ ਕਰਕੇ ਸੈਦਪੁਰ ਦਾ ਨਾਂ ਬਦਲ ਕੇ ਐਮਨਾਬਾਦ (ਅਮਨ+ਆਬਾਦ) ਰੱਖਿਆ ਗਿਆ।

ਗੁਰੂ ਜੀ ਦੇ ਜੀਵਨ ਵਿੱਚੋ ਬੇਅੰਤ ਸਾਖੀਆਂ ਅਜਿਹੀਆਂ ਮਿਲਦੀਆਂ ਹਨ, ਜਿਨਾਂ ਵਿੱਚ ਬਾਬਾ ਜੀ ਵੱਲੋਂ ਦੁਨੀਆਂ ਦੇ ਦੁੱਖ ਦੂਰ ਕਰਨ ਦਾ ਜਿਕਰ ਆਉਂਦਾ ਹੈ। ਇੱਕ ਤਾਂ ਆਮ ਲੋਕਾਈ ਦੇ ਮਨ ਵਿੱਚ ਸੱਚ ਦੀ ਸੋਝੀ ਲਿਆ ਕੇ ਉਨ੍ਹਾਂ ਨੂੰ ਜੁਲਮ, ਅੰਧਵਿਸ਼ਵਾਸ਼, ਕਰਮ-ਕਾਂਡ, ਪਾਖੰਡ, ਮਾਨਸਿਕ ਗੁਲਾਮੀ ਤੋਂ ਉਚਾ ਉਠਣ ਲਈ ਇੱਕ ਇਨਕਲਾਬੀ ਚਿਣਗ ਪੈਦਾ ਕੀਤੀ। ਦੂਜਾ ਲੋਟੂਆਂ, ਰਾਜਿਆਂ, ਧਾਰਮਿਕ ਪੁਜਾਰੀਆਂ, ਪੰਡਿਤਾਂ, ਮੌਲਵੀਆਂ, ਸਿੱਧਾਂ, ਕਾਜੀਆਂ, ਬ੍ਰਾਹਮਣਾਂ ਆਦਿ ਨੂੰ ਲਲਕਾਰਨ ਦੀ ਸ਼ਕਤੀ ਅਤੇ ਸਮਰੱਥਾ ਆਮ ਲੋਕਾਈ ਵਿੱਚ ਪੈਦਾ ਕੀਤੀ।

ਗੁਰੂ ਨਾਨਕ ਨੂੰ ਉਹ ਧਰਮ, ਭਗਤੀ, ਤਪੱਸਿਆ ਬਿਲਕੁਲ ਵੀ ਪਸੰਦ ਨਹੀਂ, ਜਿਹੜੀ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਨਹੀ ਕਰਦੀ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ ਜਦੋਂ ਸਿੱਧਾਂ ਨੇ ਬਾਬੇ ਤੋਂ "ਮਾਤ ਲੋਕ ਕਾ ਕਿਆ ਵਰਤਾਰਾ" ਪੁਛਿਆ, ਤਾਂ ਬਾਬਾ ਜੀ ਦਾ ਜਵਾਬ ਦੇਖੋ- (ਭਾਈ ਗੁਰਦਾਸ ਵਾਰ ੧ ਪਉੜੀ ੨੯,)

**"ਬਾਬੇ ਅਖਿਆ ਨਾਥ ਜੀ ਸਚ ਚੰਦ੍ਰਮਾ ਕੂੜ ਅੰਧਾਰਾ।**

**ਪਾਪ ਗਿਰਾਸੀ ਪਿਰਥਮੀ ਧਉਲ ਖੜਾ ਧਰਿ ਹੇਠ ਪੁਕਾਰਾ।**

**ਸਿਧ ਛਪਿ ਬੈਠੇ ਪਰਬਤੀ, ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।**

**ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗਿ ਲਗਾਇਨਿ ਛਾਰਾ।"**

ਬਾਬਾ ਜੀ ਪਰਬਤਾਂ, ਜਾਂ ਜੰਗਲਾਂ, ਵਿੱਚ ਜਾ ਕੇ ਤਪਸਿਆ ਕਰਨ ਦੇ ਹੱਕ ਵਿੱਚ ਨਹੀਂ। ਉਨ੍ਹਾਂ ਦਾ ਉਪਦੇਸ਼ ਹੈ

**"ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਸਲੋਕ ਮਹਲਾ ੧, ਪੰਨਾ ੧੨੪੫)**

ਗੁਰੂ ਜੀ ਕਿਰਤ ਕਰਨ, ਗ੍ਰਹਿਸਥੀ ਜੀਵਨ ਨਿਭਾਣ, ਆਪਣੀਆ ਸਮਾਜਿਕ ਜਿੰਮੇਵਾਰੀਆਂ ਪੂਰੀਆਂ ਕਰਦੇ ਹੋਏ, ਉਸ ਪ੍ਰਭੂ ਨੂੰ ਯਾਦ ਰੱਖਦੇ ਹੋਏ, ਖਲਕਤ ਦੀ ਸੇਵਾ ਕਰਦਿਆਂ ਨਿਰਭਉ ਅਤੇ ਨਿਰਵੈਰ ਬਣ ਕੇ ਜੀਣ ਦੀ ਸਿੱਖਿਆ ਦਿਦੇ ਹਨ।ਆਪ ਜੀ ਦੀਆਂ ਵੱਖ ਵੱਖ ਦਿਸਾਵਾਂ ਵਿੱਚ ਕੀਤੀਆਂ ਉਦਾਸੀਆਂ ਜਗਤ ਉਧਾਰਨ ਲਈ ਹੀ ਸਨ। ਗੁਰੂ ਜੀ ਦੁੱਖ ਨੂੰ ਦਾਰੂ ਕਹਿੰਦੇ ਹਨ, ਕਿਉਂਕਿ ਦੁੱਖ ਇਨਸਾਨ ਨੂੰ ਪਰਮਾਤਮਾ ਵੀ ਯਾਦ ਕਰਵਾ ਦਿੰਦਾ ਹੈ, ਅਤੇ ਖਲਕਤ ਨਾਲ ਪਿਆਰ ਕਰਨਾ ਵੀ ਸਿਖਾ ਦਿੰਦਾ ਹੈ।

ਖਲਕਤ ਨਾਲ ਪਿਆਰ ਹੀ ਸੀ, ਜਿੱਥੇ ਬਾਬਾ ਜੀ ਵਪਾਰ ਕਰਨ ਲਈ ਦਿੱਤੇ 20 ਰੁਪਏ, ਭੁਖੇ ਸਾਧੂਆਂ ਨੂੰ ਭੋਜਨ ਛਕਾਉਣ ਤੇ ਖਰਚ ਕਰਨਾ ਜਿਆਦਾ ਚੰਗਾ ਸਮਝਦੇ ਹਨ। ਸੁਲਤਾਨਪੁਰ ਵਿਖੇ ਮੋਦੀ ਦੀ ਨੌਕਰੀ ਕਰਦੇ ਹੋਏ ਵੀ ਆਪਣੇ ਹਿੱਸੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਵੰਡ ਰਹੇ ਹਨ। ਗੁਰੂ ਜੀ ਨੂੰ ਵਿਕਾਰੀ, ਜਾਲਮ, ਅਪਰਾਧੀ, ਦੁਸਟ ਅਤੇ ਬੁਰੇ ਵਿਅਕਤੀ ਨਾਲ ਵੀ ਘਿਰਣਾ ਨਹੀਂ ਸਗੋਂ ਉਨ੍ਹਾਂ ਤੇ ਤਰਸ ਕਰਦੇ ਹਨ ਅਤੇ ਉਨ੍ਹਾਂ ਨੂੰ ਗਲਤ ਪਾਸੇ ਤੋਂ ਰੋਕ ਕੇ ਸਹੀ ਮਾਰਗ ਵੱਲ ਤੋਰਦੇ ਹਨ।

ਭਾਵੇਂ ਗੱਲ ਕੌਡੇ ਰਾਖਸ਼ ਦੀ ਹੋਵੇ, ਸੱਜਣ ਠੱਗ ਦੀ ਹੋਵੇ, ਭੂਮੀਏ ਚੋਰ ਦੀ ਹੋਵੇ, ਜਾਦੂਗਰਨੀ ਦੀ ਹੋਵੇ, ਜਾਂ ਹੋਰ ਅਨੇਕਾਂ ਹੀ ਅਜਿਹੇ, ਪਰ ਬਾਬਾ ਨਾਨਕ ਦੀ ਪਿਆਰ-ਗਲਵਕੜੀ ਸਭ ਲਈ ਸਦਾ ਖੁਲ੍ਹੀ ਰਹਿੰਦੀ ਹੈ। ਗੁਰੂ ਸਾਹਿਬ ਸੋਚਦੇ ਹਨ ਕਿ ਇਹ ਭਟਕੇ ਹੋਏ ਲੋਕਾਂ ਕੋਲੋਂ ਮਾਲਕ ਨੇ ਹੀ ਚੰਗਿਆਈ ਖੁੱਹ ਲਈ ਹੈ-

**"ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ (ਆਸਾ ਮਹਲਾ ੧, ਪੰਨਾ ੪੧੭)**

ਹਰ ਪ੍ਰੇਮ-ਭਿੱਜੀ ਰੂਹ ਨੂੰ ਮਿੱਠੇ ਬਚਨਾਂ ਨਾਲ ਸਰਸ਼ਾਰ ਕਰਨਾ ਬਾਬੇ ਦੀ ਵਡਿਆਈ ਹੈ। ਭਾਵੇ ਨਾਨਕੀ ਹੋਵੇ, ਰਾਇ ਬੁਲਾਰ ਹੋਵੇ, ਮਾਤਾ-ਪਿਤਾ ਹੋਣ, ਜਾਂ ਗੁਰਸਿੱਖ, ਬਾਬੇ ਦਾ ਭਰਪੂਰ ਪਿਆਰ ਸਦਾ ਮਿਲਦਾ ਰਿਹਾ ਏ।

**ਕੁਦਰਤ ਨਾਲ ਪ੍ਰੇਮ** ਦੇ ਰੂਪ ਵਿੱਚ ਪ੍ਰਭੂ ਦੀ ਸਾਜੀ ਹੋਈ ਕੁਦਰਤ ਬਾਬੇ ਨੂੰ ਪਿਆਰੀ ਲਗਦੀ ਹੈ। ਮੁੱਖ ਕਾਰਨ ਇਹੋ ਹੈ ਕਿ ਉਨ੍ਹਾਂ ਨੂੰ ਇਸ ਦੇ ਕਰਤੇ ਦਾ ਖਿਆਲ ਇੱਕ ਪਲ ਲਈ ਵੀ ਨਹੀਂ ਵਿਸਰਦਾ। **(ਜਪ ਪੰਨਾ 8)।**

**"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥"**

ਕੁਦਰਤੀ ਸਾਧਨਾਂ ਦੀ ਸੰਭਾਲ ਵੱਲ ਇਸ਼ਾਰਾ ਹੈ। ਬਾਬੇ ਦੀ ਬਾਣੀ ਵਿੱਚ ਜਿਥੇ ਸੂਰਜ, ਚੰਦ, ਤਾਰਿਆਂ ਦਾ ਜਿਕਰ ਹੈ, ਉਥੇ ਦਰਿਆ, ਸਮੁੰਦਰ, ਜੰਗਲ, ਪਰਬਤ ਦੀ ਗੂੰਜ ਵੀ ਪੈਂਦੀ ਹੈ। ਪਸ਼ੂ, ਪੰਛੀਆਂ ਦਾ ਜਿਕਰ ਤਾਂ ਬੜੇ ਹੀ ਕਲਾਤਮਕ ਲਹਿਜੇ ਵਿੱਚ ਹੈ। (ਜਪੁ ਪੰਨਾ ੮)

**"ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥"**

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਬਾਬੇ ਨਾਨਕ ਦਾ ਪਿਆਰ ਬਹੁਤ ਵਿਸ਼ਾਲ ਹੈ। ਇਸ ਵਿੱਚ ਕਿਸੇ ਵੀ ਵਿਤਕਰੇ ਦੀ ਕੋਈ ਗੁੰਜਾਇਸ਼ ਹੀ ਨਹੀਂ। ਇਹ ਜਾਤ-ਪਾਤ, ਛੂਤ-ਛਾਤ, ਅਮੀਰ-ਗਰੀਬ, ਰਾਜਾ-ਰੰਕ, ਸਭ ਲਈ ਬਰਾਬਰ ਹੈ। ਇਹ ਬਾਬੇ ਦਾ ਪਿਆਰ ਹੀ ਸੀ ਕਿ ਹਿੰਦੂ ਉਨ੍ਹਾਂ ਨੂੰ ਆਪਣਾ ਗੁਰੂ ਅਤੇ ਮੁਸਲਮਾਨ ਆਪਣਾ ਪੀਰ ਮੰਨਦੇ ਸਨ। ਪਰ ਇਸ ਪਿਆਰ ਦਾ ਮੂਲ ਪ੍ਰਭੂ ਨਾਲ ਪਿਆਰ ਹੈ। ਉਸ ਇੱਕ ਨੂੰ ਜਾਣ ਕੇ ਸਭ ਵਿੱਚੋਂ ਓਹੀ ਨੂਰ ਦੇ ਦਰਸ਼ਨ ਕਰਨੇ ਹੀ ਸਾਡੀ ਜਿੰਦਗੀ ਦਾ ਮਨੋਰਥ ਹੈ। ਬਾਬਾ ਜੀ ਇਸ ਪ੍ਰੇਮ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਦੀ ਗੱਲ ਵੀ ਕਰਦੇ ਹਨ।

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**

**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥**

**(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ ੧੪੧੨)**

ਤਾਂ ਤੇ ਆਓ, ਅਸੀਂ ਵੀ ਗੁਰੂ ਨਾਨਕ ਦੇ ਇਸ ਬ੍ਰਹਿਮੰਡੀ ਸੰਦੇਸ਼ ਨੂੰ ਸਮਝੀਏ। ਸਰਬੱਤ ਦੇ ਭਲੇ ਦਾ ਸਿਧਾਂਤ ਅਪਣਾਈਏ। ਆਪਸੀ ਝਗੜੇ ਅਤੇ ਖਿਚੋਤਾਣ ਛੱਡੀਏ ਅਤੇ ਹਰ ਇਨਸਾਨ ਚੋਂ ਉਸ ਪ੍ਰਭੂ ਦੀ ਜੋਤ ਨੂੰ ਪਹਿਚਾਣ ਕੇ ਉਸ ਨੂੰ ਪਰਣਾਮ ਕਰੀਏ ਓਤੇ ਲੋੜ ਪੈਣ ਤੇ ਆਪਾ ਵੀ ਕੁਰਬਾਨ ਕਰ ਦੇਈਏ।

## ਅਗੱਸਤ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਡਾ: ਹਰਸ਼ਿੰਦਰ ਕੌਰ**, ("ਭਾਰਤ ਦੀ ਸਟੀਲ ਵੂਮੈਨ") ਪਟਿਆਲਾ ਤੋਂ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਹਨ। ਲੈਕਚਰ ਦੇ ਕੇ ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਸੰਸਥਾਵਾਂ, ਕਾਲਜਾਂ, ਰੇਡੀਓ ਅਤੇ ਟੀ.ਵੀ. 'ਤੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਨੇ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ ਲਿਖੇ ਹਨ। ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨਿਤ ਕੀਤਾ ਗਿਆ, ਪੰਜਾਬ ਤੋਂ ਪੁਰਸਕਾਰ ਪ੍ਰਾਪਤ ਕੀਤੇ, ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ, ਸੰਯੁਕਤ ਰਾਸ਼ਟਰ ਮੀਡੀਆ ਅਤੇ 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ, ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ 'ਲਾਈਫਟਾਈਮ ਅਚੀਵਮੈਂਟ ਅਵਾਰਡ' ਪ੍ਰਾਪਤ ਕੀਤੇ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਨੈੱਟਵਰਕਾਂ ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

**ਸਰਦਾਰ ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ (XEN) ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪੇ ਹਨ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਸਾਹਿਤਕਾਰ ਸਦਨ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੇ "ਸਾਡਾ ਵਿਰਸਾ ਸਾਡਾ ਗੌਰਵ" ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਅਤੇ ਹੋਲੇ ਮਹੱਲੇ ਸਮਾਗਮਾਂ (2016 ਅਤੇ 2017) ਵਿਚ ਸਨਮਾਨ ਪ੍ਰਾਪਤ ਹੋਏ।ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਹਨ।e-mail : ksnoor50@gmail.com.

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਧਾਰਮਿਕ ਅਤੇ ਸਮਾਜਿਕ** ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਉਨ੍ਹਾਂ ਨੂੰ ਸਤਿਕਾਰ ਦਿੱਤਾ ਗਿਆ ਹੈ। ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ ਹਨ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।(e-mail : gurdish.grewal@gmail.com.

**ਪ੍ਰੋਫੈਸਰ (ਡਾ:) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਦੋ ਨਵੇਂ ਇੰਜੀਨਿਅਰਿੰਗ ਕਾਲਜਾਂ ਦੀਆਂ ਪ੍ਰਜੈਕਟ ਰਿਪੋਰਟਾਂ ਤਿਆਰ ਕਰ ਕੇ, ਭਾਰਤ ਸਰਕਾਰ ਤੋਂ ਪ੍ਰਵਾਨਗੀ ਲਈ ਅਤੇ ਕਾਲਜ ਬਣਾਏ। ਸਿਖਲਾਈ/ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀ.ਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਸੂਚੀਬੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ।(Blog: www.drssbhatti.ca e-mail : surjitsinghbhatti@gmail.com).

**ਪ੍ਰੋਫੈਸਰ (ਡਾ:) ਬਲਵਿੰਦਰ ਪਾਲ ਸਿੰਘ** ਪੰਜਾਬ ਯੂਨੀਵਰਸਿਟੀ ਤੋਂ ਐਮ.ਏ (ਅਰਥ ਸ਼ਾਸਤਰ) ਅਤੇ ਐਮ.ਏ. (ਪੰਜਾਬੀ) ਅਤੇ ਪੀ.ਐਚ.ਡੀ. ਪੰਜਾਬੀ ਯੂਨੀਵਰਸਿਟੀ ਤੋਂ ਹਨ। ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸਧਾਰ ਤੋਂ ਮੁਖੀ (ਅਰਥ ਸ਼ਾਸਤਰ) ਵਜੋਂ ਸੇਵਾਮੁਕਤ ਹੋਏ। ਦੋ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਅਤੇ 8 ਪੁਸਤਕਾਂ ਸੰਪਾਦਿਤ ਕੀਤੀਆਂ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਦੇ ਪ੍ਰਕਾਸ਼ਨ "ਸਾਡਾ ਵਿਰਸਾ ਸਾਡਾ ਗੌਰਵ" ਦੇ ਮੁੱਖ ਸੰਪਾਦਕ ਹਨ। e-mail : info@ggssc.net

**ਸਰਦਾਰ ਉਂਕਾਰ ਸਿੰਘ ਟਿਵਾਣਾ** ਨੇ ਐਮ.ਟੈਕ. / ਐਮ.ਈ. ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਕੀਤੀ। ਸਰਕਾਰੀ ਅਦਾਰਿਆਂ ਵਿੱਚ ਕੰਮ ਕਿਤਾ। ਫਿਰ ਮਾਲਵਾ ਕਾਲਜ, ਫਰੀਦਕੋਟ, ਵਿਖੇ ਮਕੈਨੀਕਲ ਅਤੇ ਆਟੋਮੋਬਾਈਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਰਹੇ। ਹੁਣ ਬਰੈਡਫੋਰਡ (ਓਨਟਾਰੀਓ) ਵਿਖੇ ਹਨ। jstiwana1@rediffmail.com

**ਕਰਨਲ (ਸੇਵਾਮੁਕਤ) ਡਾ: ਦਲਵਿੰਦਰ ਸਿੰਘ ਗਰੇਵਾਲ**, ਪੀ.ਐਚ.ਡੀ., ਸਿੱਖਿਆ ਸ਼ਾਸਤਰੀ ਅਤੇ ਲੇਖਕ ਹਨ। ਉਹ ਡਾਇਰੈਕਟਰ-ਪ੍ਰਿੰਸੀਪਲ ਭਾਈ ਮਹਾਂ ਸਿੰਘ ਇੰਜਨੀਅਰਿੰਗ ਕਾਲਜ, ਮੁਕਤਸਰ, ਡੀਨ ਦੇਸ਼ ਭਗਤ ਯੂਨੀਵਰਸਿਟੀ, ਡਾਇਰੈਕਟਰ-ਪ੍ਰਿੰਸੀਪਲ, ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ; ਸੰਸਥਾਪਕ ਪ੍ਰਿੰਸੀਪਲ ਸੀ.ਟੀ. ਕਾਲਜ ਆਫ਼ ਇੰਜਨੀਅਰਿੰਗ, ਜਲੰਧਰ; ਰਜਿਸਟਰਾਰ, SLIET Longowal, ਅਤੇ ਪ੍ਰਧਾਨ TRIDENT ਗਰੁੱਪ ਰਹਿ ਚੁਕੇ ਹਨ। 100 ਤੋਂ ਵੱਧ ਕਿਤਾਬਾਂ, 350 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਅਤੇ 18 ਪੀ.ਐਚ.ਡੀ./ ਐਮ.ਟੈਕ. ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕੀਤਾ। ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਸਨਮਾਨ ਮਿਲੇ ਹਨ। e-mail : dalvinder45@yahoo.co.in.

**ਡਾ: ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਵਿਭਾਗ ਦੇ ਮੁਖੀ, ਤਕਨੀਕੀ ਸਲਾਹਕਾਰ, ਰੀਸਰਚ ਸਾਂਇਨਟਿਸਟ ਅਤੇ ਡੀਨ ਕਾਲਜ ਰਹਿ ਕੇ ਸੇਵਾ ਮੋਕਤ ਹਨ। ਇਕ ਸੌ ਤੋਂ ਵੱਧ ਰੀਸਰਚ ਪੇਪਰ, ਕਿਤਾਬਾਂ ਦੇ ਚੈਪਟਰ ਅਤੇ ਰੀਪੋਰਟਾਂ ਦੇ ਪ੍ਰਕਾਸ਼ਕ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। e-mail: singhkabal285@gmail.com

**ਡਾ: ਬਲਦੇਵ ਸਿੰਘ,** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮੇਂ ਲਈ ਪ੍ਰੋਫੈਸਰ ਵਜੋਂ ਕੰਮ ਕੀਤਾ (ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿੱਚ)। ਉਨ੍ਹਾਂ ਨੇ ਪੀ.ਐਚ.ਡੀ. ਲਈ ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਨ੍ਹਾਂ ਨੇ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕੁਝ ਸਲਾਹਕਾਰ ਕੰਪਨੀਆਂ ਨਾਲ ਕੰਮ ਕੀਤਾ ਅਤੇ ਹੁਣ ਸੇਵਾ ਮੁਕਤ ਹਨ। e-mail : Baldev3@yahoo.com

**ਸਰਦਾਰਨੀ ਰਾਜਵਿੰਦਰ ਕੌਰ ਵੜਿੰਗ** ਨੇ ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ (ਪੰਜਾਬ) ਤੋਂ ਗ੍ਰੈਜੂਏਸ਼ਨ ਕੀਤੀ, ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੋਂ ਐਮ.ਏ (ਇਤਿਹਾਸ) ਅਤੇ ਐਮ.ਏ (ਅਰਥ ਸ਼ਾਸਤਰ) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ।ਮੁੱਖ ਰੁਚੀ ਛੋਟੀਆਂ ਕਹਾਣੀਆਂ ਵਿੱਚ ਹੈ।

**ਸਰਦਾਰ ਹਰਪ੍ਰੀਤ ਸਿੰਘ ਜਵੰਦਾ** ਪੰਜਾਬ ਯੂਨੀਵਰਸਿਟੀ ਤੋਂ ਐਮ.ਏ (ਕਾਮਰਸ ਅਤੇ ਹੋਟਲ ਮੈਨੇਜਮੈਂਟ) ਹਨ ਅਤੇ ਫਰੈਂਚ ਭਾਸ਼ਾ ਦਾ ਡਿਪਲੋਮਾ ਕੀਤਾ ਹੈ। ਉਹ 2005 ਤੋਂ ਵਿਨੀਪੈਗ ਵਿੱਚ ਹਨ। ਦਿਲਚਸਪੀ ਮੁੱਖ ਤੌਰ 'ਤੇ ਪੰਜਾਬੀ ਕਹਾਣੀਆਂ ਲਿਖਣ ਵਿੱਚ ਹੈ। ਉਨ੍ਹਾਂ ਦੇ ਕੰਮ ਨੂੰ ਭਾਰਤ ਅਤੇ ਕੈਨੇਡਾ ਦੀਆਂ ਉੱਘੀਆਂ ਸਾਹਿਤਕ ਸੰਸਥਾਵਾਂ ਨੇ ਮਾਨਤਾ ਦਿੱਤੀ ਹੈ।

**ਸਰਦਾਰ ਜਸਵਿੰਦਰ ਸਿੰਘ ਰੂਪਾਲ** ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਲਗੇ ਹਨ। ਗ਼ਜ਼ਲ, ਕਵਿਤਾ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਵਿਚ ਗੁਰਮਤਿ, ਬਾਲ ਸਾਹਿਤ ਅਤੇ ਵਿਗਿਆਨਕ ਵਿਸ਼ਿਆਂ ਤੇ 30 ਸਾਂਝੀਆਂ ਪੁਸਤਕਾਂ ਅਤੇ ਅਖਬਾਰਾਂ, ਮੈਗਜ਼ੀਨਾਂ ਵਿੱਚ ਲਿਖਦੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। **ਮੋਬਾਈਲ** -- +91 9814715796 (e-mail: rupaljs@gmail.com).

**ਸਰਦਾਰਨੀ ਹਰਮੀਤ ਕੌਰ ਮੀਤ**, ਐਮ. ਏ. ਅਤੇ ਐਜੂਕੇਸ਼ਨ ਡਿਪਲੋਮਾ ਕਰ ਕੇ ਪੰਜਾਬੀ ਅਧਿਆਪਕਾ ਹਨ। ਗ਼ਜ਼ਲ, ਕਵਿਤਾ, ਕਹਾਣੀ ਅਤੇ ਲੇਖ ਗੁਰਮਤਿ, ਲੋਕ-ਰੰਗ ਅਤੇ ਬਾਲ ਸਾਹਿਤ ਦੇ ਵਿਸ਼ਿਆਂ ਤੇ ਲਿਖਦੇ ਹਨ। ਦੋ ਨਿਜੀ ਮੌਲਿਕ ਪੁਸਤਕਾਂ, "ਜਨਮ ਸੁਹੇਲਾ" ਅਤੇ "ਸ਼ਾਹੀ ਅਲਫਾਜ", 20 ਸਾਂਝੀਆਂ ਪੁਸਤਕਾਂ ਅਤੇ ਅਨੇਕਾਂ ਲਿਖਤਾਂ ਛਪੀਆਂ ਹਨ। e-mail : theharmeetkaurmeet@gmail.com

**ਬੀਬੀ ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸ.ਸੀ. ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਵਿਚ ਖੋਜਕਾਰ ਰਹੀ ਹੈ।"ਡਾਇਗਨੋਸਟਿਕਸ ਵਿੱਚ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ ਜੋ ਔਰਤਾਂ ਦੀ ਸਿਹਤ ਅਤੇ ਉਹਨਾਂ ਦੀ ਜਾਂਚ ਵਿਚ ਕਮੀਆਂ ਨਾਲ ਸੰਬੰਧਤ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (COVID SPEAKS) ਰਾਹੀਂ ਇਸ ਬੀਮਾਰੀ ਦਾ ਸਾਹਮਣਾ ਕਰ ਰਹੇ ਇੱਕ ਭਾਈਚਾਰੇ ਦੀ ਅਗਵਾਈ ਕੀਤੀ।

# ਲੇਖਕਾਂ ਲਈ ਜ਼ਰੂਰੀ ਜਾਣਕਾਰੀ


1. **ਮੈਗਜ਼ੀਨ ਦੀ ਨੀਤੀ**: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ/ਕਵਿਤਾਵਾਂ (ਹੀ) ਛਾਪਣਾ।
2. **ਪ੍ਰਕਾਸ਼ਨ**: ਸੰਪਾਦਕੀ ਬੋਰਡ ਦੁਆਰਾ ਸਮੀਖਿਆ ਦੇ ਅਧੀਨ (ਨੀਤੀ ਅਨੁਸਾਰ) ਹੀ ਹੋਵੇਗਾ। **ਸੰਪਾਦਕੀ ਬੋਰਡ** ਲੇਖਕਾਂ/ਕਵੀਆਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ।
3. **ਟਾਈਪਿੰਗ ਫਾਰਮੈਟ**: ਲਿਖਤ ਪੰਜਾਬੀ ਵਿੱਚ ਸਿੰਗਲ ਕਾਲਮ (ਸਧਾਰਨ) ਅਨਮੋਲ ਲਿਪੀ (12 ਫੌਂਟ)ਵਿਚ ਹੋਵੇ। ਪ੍ਰਿੰਟ-ਸਕ੍ਰੀਨ, ਫੋਟੋਕਾਪੀਆਂ ਅਤੇ ਸਨਿੱਪ-ਟੂਲ ਸਵੀਕਾਰਯੋਗ ਨਹੀਂ ਹੋਣਗੇ।
4. **ਅੰਗਰੇਜ਼ੀ ਸ਼ਬਦ**: ਟਾਈਮਜ਼ ਨਿਊ ਰੋਮਨ, ਫੌਂਟ ਦਾ ਆਕਾਰ (12, ਪਰ ਬੋਲਡ ਨਹੀਂ) ਹੋਣ।
5. **ਲਾਈਨ ਸਪੇਸਿੰਗ**: ਸਿਰਫ਼ ਲੈਪਟੌਪ ਅਨੁਸਾਰ ਸਿੰਗਲ (1.0) ਸਪੇਸਿੰਗ।
6. **ਹਾਸ਼ੀਏ**: ਦੋਵੇਂ ਪਾਸੇ, ਉੱਪਰ ਅਤੇ ਹੇਠਾਂ: ਇੱਕ ਇੰਚ ਹੋਵੇ (ਜੋ ਆਮ ਹੁੰਦਾ ਹੈ)।
7. **ਲਿਖਤ ਦੀ ਹੈਡਿੰਗ**: ਫੌਂਟ ਸਾਈਜ਼ (14, ਬੋਲਡ), ਪੰਜਾਬੀ ਵਿੱਚ, (ਸਧਾਰਨ) ਅਨਮੋਲ ਲਿਪੀ।
8. **ਲੇਖਕ ਦਾ ਨਾਮ**: ਫੌਂਟ ਸਾਈਜ਼ (14, ਬੋਲਡ ਨਹੀਂ); ਅੱਗੇ ਸ਼ਹਿਰ ਦਾ ਨਾਮ ਅਤੇ (ਦੇਸ਼)।
9. **ਲੇਖਕ ਦੇ ਵਿਕਲਪ**: ਲੇਖਕ/ਕਵੀ ਸ਼ੁਰੂ ਵਿਚ ਆਪਣੇ ਨਾਮ ਦੇ ਹੇਠਾਂ (ਜੇ ਚਾਹੁਣ ਤਾਂ) ਆਪਣੀ ਫੋਟੋ, ਫ਼ੋਨ ਨੰਬਰ, ਈ-ਮੇਲ, ਵੱਟਸਐਪ ਦੇ ਸਕਦੇ ਹਨ (ਪਰ ਇਹ ਜ਼ਰੂਰੀ ਨਹੀਂ ਹੈ)।
10. **ਜਾਣ-ਪਛਾਣ ਲਈ:** ਸੰਖੇਪ (4 ਲਾਈਨਾਂ ਵਿਚ) ਆਪਣੇ ਬਾਰੇ ਜਾਣਕਾਰੀ ਦਿਓ ਜੀ।
11. **ਲੇਖ/ਕਵਿਤਾ**: ਸਿਰਫ ਈਮੇਲ ਦੁਆਰਾ ਲੈਪਟੌਪ ਤੋਂ ਹੀ ਭੇਜੋ, ਮੋਬਾਈਲ ਤੋਂ ਨਹੀਂ ।
12. **ਲਿਖਤ ਦੀ ਲੰਬਾਈ**: ਲੈਪਟਾਪ ਦੇ ਉਪੱਰ ਦੱਸੇ ਫਾਰਮੈਟ ਵਿੱਚ ਵੱਧ ਤੋਂ ਵੱਧ ਦੋ ਪੰਨੇ (450 ਸ਼ਬਦਾਂ ਤਕ ਇਕ ਸਫੇ ਉਤੇ)। (ਫੋਟੋ ਸਮੇਤ, ਜੇ ਲੇਖਕ ਨੇ ਫੋਟੋ ਲਾਉਣੀ ਹੈ ਤਾਂ)।
13. **ਲੰਬੇ ਲੇਖ**: ਵੈੱਬਸਾਈਟ (sanjihivrasat.org) ਦੇ ਬਲੌਗ (Blog) 'ਤੇ ਪਾ ਦਿੱਤੇ ਜਾਣਗੇ।
14. **ਮੌਲਿਕਤਾ**: ਲੇਖਕ ਲਿਖ ਭੇਜਣ ਕਿ ਕਾਪੀਰਾਈਟ ਉਲੰਘਣਾ (Copyright Infringement) ਨਹੀਂ ਹੋਈ ਹੈ। ਇਹ ਲੇਖ/ਕਵਿਤਾ ਵਾਲੀ ਈਮੇਲ ਦੇ ਨਾਲ ਹੀ ਹੋਣੀ ਜ਼ਰੂਰੀ ਹੈ।
15. **ਹਵਾਲੇ** (References): ਲੇਖ ਦਾ ਟਾਈਟਲ, ਮੂਲ ਲੇਖਕ ਅਤੇ ਜਰਨਲ/ਕਿਤਾਬ ਦਾ ਨਾਮ ਤੇ ਸਾਲ ਦਿਓ। ਗੁਰਬਾਣੀ ਦਾ ਸਰੋਤ ਤੇ ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਲਿਖਣਾ ਜ਼ਰੂਰੀ ਹੈ।

**Important Information for Authors**

1. Magazine Policy :To Promote Punjabi Culture, History & Heritage using Secular, Non-Political, Non-Personal Articles/Poems.
2. Publication : Subject to Review by the Editorial Board (as per policy).
3. Editorial Board : Will not be responsible for the views of Authors /Poets.
4. Typing Format : Single column in Panjabi (Simple) Anmol Lipi, 12 font. (Print-screen, Photocopy and Snip-tool not Acceptable)
5. English words : Times New Roman, Font size (14, not bold).
6. Line Spacing : Single Spacing (1.0) on Laptop.
7. Margins : Both Sides, Above and Below: One Inch (is normal)
8. Article Heading : Font size (14, bold), in Panjabi, (Simple) Anmol Lipi.
9. Author's Name : Font Size (14, not bold); and Name of city (Country).
10. Author's Options : May (or may not) give his/her Photo, Phone, e-mail, Or WhatsApp Address for publication
11. Introduction : of the Author may be given in brief (4 lines)
12. Authors' mail : Authors should send their Articles/Poems by e-mail only.
13. Maximum Length : Two pages (900 words) in WORD format of Laptop. (Including Photo space if Author has opted for it).
14. Longer Articles : To be placed on BLOG on Website *(sanjhivirasat.org)*.
15. Originality : Authors will certify there is No Copyright Infringement.
16. References : Articles (Author, Title, Journal/Book, Year), Gurbani (Source, page), Photo (Acknowledgement) required.

## ਸੰਪਾਦਕੀ ਮੰਡਲ


ਡਾ. ਰਾਜਾ ਬਲਰਾਜ ਸਿੰਘ


ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ


ਪ੍ਰੋਫ਼ੈਸਰ ਮਨਿੰਦਰ ਸਿੰਘ


ਡਾ. ਕਾਬਲ ਸਿੰਘ


ਡਾ. ਬਲਦੇਵ ਸਿੰਘ


ਸ. ਜਗਬੀਰ ਸਿੰਘ ਕੋਹਲੀ


ਸ. ਪਰਮਜੀਤ ਸਿੰਘ


ਪ੍ਰਿੰਸੀਪਲ ਮਨਮੋਹਨ ਕੌਰ


ਡਾ. ਰਾਜਬੀਰ ਸਿੰਘ ਭੱਟੀ


ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ


ਡਾ. ਕਾਲਾ ਸਿੰਘ


ਡਾ. ਡੀ. ਪੀ ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖੋਂ